
ਜੂਨ 2014

# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਪੈਂਤੀ ਅੱਖਰੀ-ਕਾਫ਼ੀਆਂ

### ਭ

ਭਗਤ ਰੱਬ ਦੇ ਸਭ ਤੋਂ ਚੰਗੇ,
ਜਿਹੜੇ ਭਗਤੀ ਨਿੱਤ ਕਮਾਂਦੇ ਹੂ।

ਰੰਗਤ ਚੜ੍ਹੇ ਜਿਨ੍ਹਾਂ ਭਗਤੀ ਵਾਲੀ
ਨੀਚੋਂ ਊਚ ਸਦਾਂਦੇ ਹੂ।

ਰਵਿਦਾਸ, ਕਬੀਰ, ਸੁਦਾਮਾ ਦੇਖੋ,
ਕੀ ਸੀ, ਕੀ ਹੋ ਜਾਂਦੇ ਹੂ।

ਸੰਤੋਖ ਉਨ੍ਹਾਂ ਨੂੰ ਹੁਣ ਤਕ ਜਪਦੇ
ਰੱਬ ਵਸਦਾ ਘਟ ਜੈਂਦੇ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**
**ਸਹਿਯੋਗੀ**
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
**ਆਨਰੇਰੀ ਸਲਾਹਕਾਰ**
**ਸ: ਹਰਚੰਦਨ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਕਰਉ ਬੇਨੰਤੀਆ - ਪ੍ਰੇਰਨਾਦਾਇਕ ਸਾਹਿਤ 5

ਗੁਰਮਤਿ ਸੰਗੀਤ ਵਿਚ ਰਾਗ ਗੂਜਰੀ
ਡਾ. ਗੁਰਨਾਮ ਸਿੰਘ 7

ਮੂਲ-ਮੰਤਰ ਵਿੱਚ ਬ੍ਰਹਮ ਦਾ ਸਰੂਪ
ਡਾ. ਰਮਨਪ੍ਰੀਤ ਕੌਰ 9

ਗੁੱਝੀਆਂ ਰਮਜ਼ਾਂ ਦੇ ਰਚੇਤਾ ਸੰਤ ਸੰਤੋਖ ਸਿੰਘ ਜੀ ਦੇ ਜੀਵਨ 'ਤੇ ਇਕ ਝਾਤ
ਜਗਦੀਪ ਸਿੰਘ 13

ਭਲੋ ਭਲੋ ਰੇ ਕੀਰਤਨੀਆ
ਭਾਈ ਅਵਤਾਰ ਸਿੰਘ ਹੰਸ (ਪ੍ਰਿੰਸੀਪਲ) 16

ਅਜ਼ੀਮ ਗਾਇਕ - ਮੰਨਾ ਡੇ
ਅਮਰਿੰਦਰ ਸਿੰਘ 18

Concerns For Environment In Sri Guru Granth Sahib Ji
Dr. Jagjit Singh 20

ਸੁਰ ਲਿਪੀ - ਰਾਗ ਕਲਿਆਨ
ਹਰਿਭਜਨ ਸਿੰਘ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26

**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਮਈ 2014 ਦਾ 'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ। ਡਾ. ਜਾਗੀਰ ਸਿੰਘ ਵੱਲੋਂ 'ਕਰਉ ਬੇਨੰਤੀਆ' ਵਿਚ 'ਗੁਰਮੁਖ ਜਨਮ ਸਵਾਰ', ਡਾ. ਗੁਰਮੁਖ ਸਿੰਘ ਜੀ ਨੂੰ ਦਿੱਤੀ ਇਕ ਸੱਚੀ ਸ਼ਰਧਾਂਜਲੀ ਸੀ। ਡਾ. ਗੁਰਨਾਮ ਸਿੰਘ ਜੀ ਦੀ ਰਚਨਾ 'ਗੁਰਮਤਿ ਸੰਗੀਤ ਵਿਚ ਰਾਗ ਆਸਾ' ਬਹੁਤ ਵਧੀਆ ਲੇਖ ਸੀ।

–ਸੰਤ ਮੁਕੰਦ ਸਿੰਘ, ਮਾਰਫਤ ਦਲਜੀਤ ਸਿੰਘ, ਰਣਜੀਤ ਸਿੰਘ ਮੋਟਰ ਸਟੋਰ, ਸਾਹਮਣੇ ਜਸਵੰਤ ਸਿਨੇਮਾ, ਜੀ. ਟੀ. ਰੋਡ, ਮਲੋਟ

ਮਈ 2014 ਦੇ 'ਅੰਮ੍ਰਿਤ ਕੀਰਤਨ' ਵਿਚ ਬਬਲੀ ਐੱਸ. ਸਿੰਘ ਦਾ ਲੇਖ 'ਅੰਮ੍ਰਿਤ ਫਲ ਤਿਨ ਜਨਿ ਕੋ ਲਾਗੇ ਜੋ ਬੋਲੈ ਅੰਮ੍ਰਿਤ ਬਾਤਾ ਹੇ' ਬਹੁਤ ਕਮਾਲ ਦਾ ਸੀ। ਕਰਨੈਲ ਸਿੰਘ ਸੋਮਲ ਦਾ 'ਜੀਵਨ ਸੁਚੱਜ' ਤਾਂ ਸਚਮੁੱਚ ਹੀ ਜੀਵਨ ਨੂੰ ਸੁਚੱਜਾ ਕਰ ਦੇਣ ਵਾਲਾ ਹੈ।

**Principal M. S. Sachdeva, Indian Music Academy, G. T. Road Malout( Punjab)**

ਕਰਮ ਸਿੰਘ ਰਤਨ ਜੀ ਦਾ ਲੇਖ 'ਗੁਰੂ ਅਤੇ ਰਾਗ, ਸਿੱਖ ਅਤੇ ਨਿਯਮ' ਸਚਮੁੱਚ ਹੀ ਧਾਰਨ ਕਰਨ ਯੋਗ ਹੈ। ਡਾ. ਪ੍ਰੇਮ ਮਛਾਲ ਦਾ ਲੇਖ ਵੀ ਵਧੀਆ ਸੀ। ਪ੍ਰੋ: ਪਰਮਜੋਤ ਸਿੰਘ ਦੇ ਅਕਾਲ ਚਲਾਣੇ ਦਾ ਸਾਨੂੰ ਬਹੁਤ ਅਫਸੋਸ ਹੈ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਾਪਤ ਹੋਵੇ ਅਤੇ ਉਹਨਾਂ ਦੁਆਰਾ ਰਚਿਤ ਸਾਹਿਤ ਦਾ ਕੀਰਤਨੀਏ ਵੱਧ ਤੋਂ ਵੱਧ ਲਾਭ ਉਠਾਉਣ।

**Prof. Mangat Singh Mastana, Post Box No 7, Malout, Dist. Mukatsar (Punjab) 152 107**

## ਸ਼ੋਕ ਸਮਾਚਾਰ

ਪੰਥ ਪ੍ਰਸਿੱਧ ਕੀਰਤਨੀਏ ਅਤੇ 'ਅੰਮ੍ਰਿਤ ਕੀਰਤਨ' ਦੇ ਵਿਦਵਾਨ ਲੇਖਕ ਭਾਈ ਕਰਮ ਸਿੰਘ ਰਤਨ ਜੀ ਦੀ ਸੁਪਤਨੀ ਬੀਬੀ ਦਰਸ਼ਨ ਕੌਰ ਜੀ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੇ ਭੋਗ ਦੇ ਮੌਕੇ 'ਤੇ ਸਜੇ ਦੀਵਾਨਾਂ ਵਿਚ ਭਾਈ ਰੇਸ਼ਮ ਸਿੰਘ ਹਜ਼ੂਰੀ ਰਾਗੀ, ਗਊ ਘਾਟ, ਪਹਿਲੀ ਪਾਤਸ਼ਾਹੀ ਲੁਧਿਆਣਾ, ਭਾਈ ਕੁਲਵੰਤ ਸਿੰਘ ਤਾਨ ਪਟਿਆਲਾ ਅਤੇ ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਨੇ ਕੀਰਤਨ ਕੀਤਾ। ਭਾਈ ਧਿਆਨ ਸਿੰਘ ਕੋਮਲ,ਹੈੱਡ ਗ੍ਰੰਥੀ ਗੁਰਦੁਆਰਾ ਬਾਲਾ ਸਾਹਿਬ, ਨਵੀਂ ਦਿੱਲੀ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬੀਬੀ ਦਰਸ਼ਨ ਕੌਰ ਜੀ ਦੀ ਭਾਈ ਕਰਮ ਸਿੰਘ ਰਤਨ ਜੀ ਦੇ ਪਰਿਵਾਰ ਨੂੰ ਵੱਡੀ ਦੇਣ ਹੈ। ਉਹਨਾਂ ਦੀ ਨਿਸ਼ਕਾਮ ਸੇਵਾ ਦਾ ਭਾਈ ਕਰਮ ਸਿੰਘ ਰਤਨ ਜੀ ਨੂੰ ਇਸ ਸਨਮਾਨਯੋਗ ਮੁਕਾਮ 'ਤੇ ਪਹੁੰਚਾਉਣ ਵਿਚ ਬੜਾ ਵੱਡਾ ਹੱਥ ਹੈ।ਅਸੀਂ ਅਦਾਰਾ 'ਅੰਮ੍ਰਿਤ ਕੀਰਤਨ' ਵੱਲੋਂ ਵੀ ਭਾਈ ਕਰਮ ਸਿੰਘ ਰਤਨ ਜੀ ਨਾਲ ਸ਼ੋਕ ਪ੍ਰਗਟ ਕਰਦੇ ਹੋਏ ਬੀਬੀ ਜੀ ਦੀ ਆਤਮਿਕ ਕਲਿਆਣ ਲਈ ਅਰਦਾਸ ਕਰਦੇ ਹਾਂ।

# ਪ੍ਰੇਰਨਾਦਾਇਕ ਸਾਹਿਤ

ਹਰੀਸ਼ ਜੈਨ ਜੀ, ਜੋ ਲੋਕ ਗੀਤ ਪ੍ਰਕਾਸ਼ਨ ਦੇ ਸੰਸਥਾਪਕ ਹਨ, ਮੇਰੇ ਮਿੱਤਰ ਹਨ। ਇਕ ਦਿਨ ਉਹਨਾਂ ਬਾਰੇ ਪੁਸਤਕਾਂ ਦੀ ਵਿਕਰੀ ਬਾਰੇ ਵਿਚਾਰ ਹੋ ਰਹੀ ਸੀ। ਅੱਜ ਕੱਲ੍ਹ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਵਾਲੇ ਬੁੱਕ ਸਟਾਲਾਂ 'ਤੇ ਹਿੰਦੀ ਵਿਚ ਪ੍ਰੇਰਨਾਦਾਇਕ ਸਾਹਿਤ ਬਹੁਤ ਮਿਲਦਾ ਹੈ ਜਦੋਂ ਦੀ ਅਜਿਹੇ ਸਾਹਿਤ ਦਾ ਪੰਜਾਬੀ ਵਿਚ ਵੱਡੀ ਘਾਟ ਹੈ।

ਹਰੀਸ਼ ਜੀ ਦਾ ਵਿਚਾਰ ਸੀ ਕਿ ਪੰਜਾਬੀ ਦੇ ਲੇਖਕ ਅਜਿਹਾ ਸਾਹਿਤ ਰਚਣ ਵੱਲ ਰੁਚਿਤ ਹੀ ਨਹੀਂ ਹੁੰਦੇ। ਕਈ ਲੇਖਕ ਅਜਿਹੇ ਸਾਹਿਤ ਨੂੰ ਨਿਮਨ ਦਰਜੇ ਦਾ ਸਮਝਦੇ ਹਨ। ਜਿਹੜੇ ਲੇਖਕ ਅਜਿਹਾ ਸਾਹਿਤ ਰਚਦੇ ਵੀ ਹਨ, ਉਹਨਾਂ ਦੇ ਮਨ ਵਿਚ ਵੀ ਪਾਠਕ ਵਜੋਂ ਉੱਚੇ ਮਾਨਸਿਕ ਪੱਧਰ ਵਾਲੇ ਵਿਦਵਾਨ ਹੀ ਹੁੰਦੇ ਹਨ। ਇਸ ਕਰਕੇ ਉਹਨਾਂ ਦੀਆਂ ਲਿਖਤਾਂ ਆਮ ਪਾਠਕਾਂ ਵਿਚ ਘਟ ਮਕਬੂਲ ਹੁੰਦੀਆਂ ਹਨ। ਜਿਸ ਕਾਰਨ ਉਹਨਾਂ ਦੀ ਵਿਕਰੀ ਘਟ ਹੁੰਦੀ ਹੈ। ਇਸ ਲਈ ਆਮ ਪੱਧਰ ਦੇ ਪਾਠਕ ਵਾਸਤੇ ਅਜਿਹੀ ਸਾਹਿਤ ਰਚਨਾ ਕਰਨਾ ਵਧੀਆ ਨਹੀਂ ਗਿਣਿਆ ਜਾਂਦਾ।

ਇਕ ਵਾਰ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨਾਲ ਗੱਲ ਹੋ ਰਹੀ ਸੀ। ਉਹਨਾਂ ਦੀ ਪੁਸਤਕ ਪੜ੍ਹ ਕੇ ਮੈਂ ਕਿਹਾ ਕਿ ਇਹ ਵਿਸ਼ਾ ਤਾਂ ਸੌਖੀ ਭਾਸ਼ਾ ਵਿਚ ਵੀ ਲਿਖਿਆ/ਪੜ੍ਹਾਇਆ ਜਾ ਸਕਦਾ ਹੈ। ਤਾਂ ਉਹ ਕਹਿਣ ਲੱਗੇ ਕਿ ਜੇ ਇਹ ਸੌਖੀ ਭਾਸ਼ਾ ਵਿਚ ਵਿਅਕਤ ਕਰ ਦਿੱਤਾ ਤਾਂ ਇਹ ਵਿਸ਼ਾ ਨਿਮਨ ਪੱਧਰ ਦਾ ਹੋ ਕੇ ਰਹਿ ਜਾਵੇਗਾ ਅਤੇ ਸਾਡੀ ਪ੍ਰੋਫੈਸਰਾਂ ਦੀ ਪੁੱਛ-ਪ੍ਰਤੀਤ ਘਟ ਜਾਵੇਗੀ।

ਹਿੰਦੀ ਸਾਹਿਤ ਵਿਚ ਸਵੈ ਪ੍ਰੇਰਨਾ ਵਾਲਾ ਬਹੁਤੀਆਂ ਪੁਸਤਕਾਂ ਅੰਗਰੇਜ਼ੀ ਤੋਂ ਅਨੁਵਾਦ ਹੋ ਕੇ ਹੀ ਆ ਰਹੀਆਂ ਹਨ। ਇਹ ਪੁਸਤਕਾਂ ਆਮ ਲੋਕਾਂ ਦੇ ਜੀਵਨ ਵਿਚ ਸਾਰਥਿਕ ਤਬਦੀਲੀ ਲਿਆ ਰਹੀਆਂ ਹਨ। ਇਹਨਾਂ ਪੁਸਤਕਾਂ ਨੂੰ ਵਾਚ ਕੇ ਇਕ ਹੋਰ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਲੇਖਕ ਇਕ ਦੂਜੇ ਦੀ ਬਹੁਤ ਪ੍ਰਸ਼ੰਸਾਂ ਕਰਦੇ ਹਨ। ਇਕ ਦੂਜੇ ਦੀਆਂ ਪੁਸਤਕਾਂ ਨੂੰ ਵਡਿਆਉਂਦੇ ਹਨ। ਇਹ ਕੁਝ ਕਰਨ ਦੀ ਪੰਜਾਬੀ ਲੇਖਕਾਂ ਵਿਚ ਬਹੁਤ ਘਾਟ ਹੈ। ਪਿੱਛੇ ਜਿਹੇ ਬ੍ਰਾਇਨ ਟਰੇਸੀ ਦੀ ਇਕ ਪੁਸਤਕ Maxium Achievement ਦਾ ਹਿੰਦੀ ਅਨੁਵਾਦ ਅਧਿਕਤਮ ਸਫਲਤਾ ਪੜ੍ਹਨ ਦਾ ਮੌਕਾ ਮਿਲਿਆ। ਬ੍ਰਾਇਨ ਟਰੇਸੀ ਆਤਮ ਸੁਧਾਰ ਦੀਆਂ ਪੁਸਤਕਾਂ ਰਚਨ ਵਾਲਾ ਪ੍ਰਸਿੱਧ ਸਾਹਿਤਕਾਰ ਹੈ। ਇਸ ਦੀ ਪੁਸਤਕ ਦੀ ਪ੍ਰਸ਼ੰਸਾ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਦੇ ਕੁਝ ਲੇਖਕਾਂ ਨੇ ਵੀ ਕੀਤੀ ਹੈ। ਉਹਨਾਂ ਦੀ ਉਸਤਤ ਇਥੇ ਛਾਪ ਰਹੇ ਹਾਂ। ਇਹ ਛਾਪਣ ਦਾ ਮਨੋਰਥ ਇਹ ਹੀ ਹੈ ਕਿ ਸ਼ਾਇਦ ਸਾਡੇ ਪੰਜਾਬੀ ਦੇ ਸਾਹਿਤਕਾਰ ਵੀ ਇਕ-ਦੂਜੇ ਦੀ ਪ੍ਰਸ਼ੰਸਾ ਕਰਨ ਦੀ ਪ੍ਰੇਰਨਾ ਲੈ ਸਕਣ।

ਬ੍ਰਾਇਨ ਟਰੇਸੀ ਦੀ ਪੁਸਤਕ ਬਾਰੇ **''यह महान पुस्तक आपके लिए सफलता और खुशी के दववाज़े खोल देगी। आपको तो बस इसके सशक्त सिद्धांतों पर अमल करना है।''– ऑग मैन्डिनो।**

**''क्या आप किसी ऐसी पुस्तक की तलाश कर रहे हैं, जो आपको सफलता के शिखर पर पहुँचा दे? आपकी तलाश खत्म हो गई है। ब्रायन ट्रेसी की अधिकतम सफलता (मैक्सिमम अचीवमेंट) हमारे भीतर छिपे रहस्यों से हमें परिचित कराती है। यह मुद्दे की तह और दिल की गहराई तक जाती है।''–हार्वे मैके।**

**''ब्रायन ट्रेसी आत्म–प्रबंधन योग्यता विकास के विशेषज्ञ हैं। इस पुस्तक में वे हमें आंतरिक समृद्धि का ख़ज़ाना प्रदान करते हैं, जो वैश्यिवक सफलता पाने के लिए ज़्यादा प्रासंगिक, ज्ञान–आधारित और कर्म–प्रधान है। यह आत्म–सुधार की पुस्तक ही नहीं, बल्कि उससे भी बढ़कर है। यह तो ऊँची सफलता पाने वाले विजेताओं की मार्गदार्शिका है।'' –डेनिस वेटली**



# ਗੁਰਮਤਿ ਸੰਗੀਤ ਵਿਚ ਰਾਗ ਗੂਜਰੀ

* ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਰਗੀਕਰਣ ਵਿਚ ਗੂਜਰੀ ਰਾਗ ਪੰਜਵੇਂ ਸਥਾਨ ਤੇ ਪੰਨਾ ੪੮੯ 'ਤੇ ਅੰਕਿਤ ਹੈ ਜਿਸ ਦਾ ਆਰੰਭ ਰਾਗ ਗੂਜਰੀ ਮਹਲਾ ੧ ਚਉਪਦੇ ਘਰੁ ੧ ਦੇ ਸਿਰਲੇਖ ਤੋਂ ਹੁੰਦਾ ਹੈ। ਇਸ ਰਾਗ ਦੀ ਨਾਦਾਤਮਕ ਮਹਿਮਾ ਦਾ ਵਰਨਣ ਕਰਦਿਆਂ ਤੀਜੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ॥ ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੬)

ਗੂਜਰੀ ਰਾਗ ਸੰਗੀਤ ਜਗਤ ਦਾ ਪੁਰਾਤਨ ਤੇ ਲੋਕਪ੍ਰਿਅ ਰਾਗ ਹੈ। ਰਾਗ ਗੂਜਰੀ ਸਬੰਧੀ ਵਿਦਵਾਨਾਂ ਦੀ ਰਾਇ ਹੈ ਕਿ ਇਹ ਲੋਕ ਸੰਗੀਤ ਪਰੰਪਰਾ ਤੋਂ ਵਿਕਸਤ ਹੋਇਆ ਰਾਗ ਹੈ। ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰ ਆਮ ਮਿਲਦਾ ਹੈ। ਸੰਗੀਤ ਵਿਦਵਾਨਾਂ ਨੇ ਗੂਜਰੀ ਦਾ ਸਰੂਪ ਗੁੱਜਰਾਂ ਦੇ ਲੋਕ ਸੰਗੀਤ ਤੋਂ ਵਿਕਸਿਤ ਮੰਨਿਆ ਹੈ। ਸੰਗੀਤਾਚਾਰੀਆ ਇਸ ਰਾਗ ਨੂੰ ਰਾਗ-ਰਾਗਣੀ ਵਰਗੀਕਰਨ ਅਨੁਸਾਰ ਦੀਪਕ ਰਾਗ ਦੀ ਰਾਗਣੀ ਮੰਨਿਆ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਇਸ ਨੂੰ ਰਾਗ ਰੂਪ ਵਿਚ ਹੀ ਅੰਕਿਤ ਕੀਤਾ ਹੈ। ਗੁਰੂ ਗਿਰਾਰਥ ਕੋਸ਼ ਵਿਚ ਗੂਜਰੀ ਨੂੰ ਮੇਘ ਰਾਗ ਦੀ ਰਾਗਣੀ ਲਿਖਿਆ ਗਿਆ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਗੂਜਰੀ ਦੇ ਪ੍ਰਚਲਿਤ ਸਰੂਪ ਨੂੰ ਹੀ ਦਰਸਾਇਆ ਗਿਆ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ ਸੰਗੀਤ ਰਤਨਾਕਰ ਭਾਗ ਦੂਜਾ ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਭਾਰਤੀ ਰਾਗ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦਾ ਸਰਬ ਪ੍ਰਵਾਣਿਤ ਉਲੇਖ ਹੈ। ਰਾਗ ਗੂਜਰੀ ਨੂੰ ਤੋੜੀ ਦੀ ਇਕ ਵੰਨਗੀ ਵਜੋਂ ਪ੍ਰਵਾਨ ਕਰਦਿਆਂ ਇਸ ਰਾਗ ਨੂੰ ਗੂਜਰੀ ਤੋੜੀ ਵੀ ਆਖਿਆ ਜਾਂਦਾ ਹੈ। ਇਸ ਰਾਗ ਨੂੰ ਤੋੜੀ ਥਾਟ ਤੋਂ ਉਤਪੰਨ ਹੋਇਆ ਹੀ ਮੰਨਿਆ ਗਿਆ ਹੈ ਅਤੇ ਇਸ ਦੇ ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਤਰ੍ਹਾਂ ਰਾਗ ਗੂਜਰੀ ਦਾ ਸਰੂਪ ਪੁਰਾਤਨ, ਸਰਬ ਪ੍ਰਵਾਣਿਤ ਤੇ ਸਥਾਪਤ ਹੈ ਜੋ ਕਰੁਣ ਰਸ ਅਤੇ ਭਗਤੀ ਭਾਵ ਦੀਆਂ ਰਚਨਾਵਾਂ ਲਈ ਉਪਯੁਕਤ ਰਾਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਗੂਜਰੀ ਰਾਗ ਵਿਚ ਜਿੱਥੇ ਸ਼ਾਸਤਰੀ ਬਾਣੀ ਪਦੇ ਤੇ ਅਸ਼ਟਪਦੀ ਰਚਨਾਵਾਂ ਦਾ ਪ੍ਰਯੋਗ ਹੈ ਉੱਥੇ ਇਹ ਪ੍ਰਚਲਿਤ ਲੋਕ ਕਾਵਿ ਰੂਪ ਵਾਰ ਸ਼ੈਲੀ ਦਾ ਪ੍ਰਯੋਗ ਬਾਣੀ ਰਚਨਾਵਾਂ ਵਿਚ ਵੀ ਹੋਇਆ ਹੈ। ਰਾਗ ਗੂਜਰੀ ਅਧੀਨ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਦਰਜ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਜੈਦੇਵ ਦੀਆਂ ਬਾਣੀ ਰਚਨਾਵਾਂ ਇਸ ਰਾਗ ਦੇ ਅੰਤਰਗਤ ਮਿਲਦੀਆਂ ਹਨ।

13ਵੀਂ ਸਦੀ ਵਿਚ ਰਚਿਤ ਗ੍ਰੰਥ ਗੀਤ ਗੋਵਿੰਦ ਦੇ ਰਚਨਾਕਾਰ ਕਵੀ ਜੈਦੇਵ ਦੀ ਬਾਣੀ ਵਿਸ਼ੇਸ਼ ਹੈ। ਭਾਈ

ਕਾਨ੍ਹ ਸਿੰਘ ਨਾਭਾ ਅਨੁਸਾਰ ਭਗਤ ਜੈਦੇਵ ਕੇਂਦੁਲੀ (ਜਿਲ੍ਹਾ ਬੀਰਭੂਮੀ) ਬੰਗਾਲ ਦਾ ਪ੍ਰਸਿੱਧ ਗਵੱਈਆ ਜੋ ਰਾਗ ਵਿੱਦਿਆ ਵਿਚ ਮੁਹਾਰਤ ਰੱਖਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਭਗਤ ਦੀ ਬਾਣੀ ਗੂਜਰੀ ਤੇ ਮਾਰੂ ਰਾਗ ਦੇ ਵਿਚ ਅੰਕਿਤ ਹੈ। ਰਾਗ ਗੂਜਰੀ ਵਿਚ ਭਗਤ ਜੈਦੇਵ ਦਾ ਸ਼ਬਦ ਵਿਸ਼ੇਸ਼ ਹੈ।

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ ੴ ਸਤਿਗੁਰ ਪ੍ਰਸਾਦਿ॥
ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥ ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥੧॥
ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥ ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥੧॥ ਰਹਾਉ॥

ਗੂਜਰੀ ਰਾਗ ਦਾ ਸਮੇਂ ਸਮੇਂ ਤੇ ਹਰ ਰਬਾਬੀ ਰਾਗੀ ਕੀਰਤਨਕਾਰ ਨੇ ਗਾਇਨ ਕੀਤਾ ਹੈ। ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਬਲਵੀਰ ਸਿੰਘ, ਭਾਈ ਤੇਜਪਾਲ ਸਿੰਘ ਤੇ ਭਾਈ ਸੁਰਿੰਦਰ ਸਿੰਘ ਸਿੰਘ ਬੰਧੂ, ਡਾ. ਗੁਰਨਾਮ ਸਿੰਘ (ਲੇਖਕ), ਭਾਈ ਬਖਸ਼ੀਸ਼ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ, ਭਾਈ ਨਿਰੰਜਨ ਸਿੰਘ, ਬੀਬੀ ਅਜੀਤ ਕੌਰ ਆਦਿ ਨੇ ਬਾਖ਼ੂਬੀ ਗਾਇਆ ਹੈ। ਇਨ੍ਹਾਂ ਦੀ ਰਿਕਾਰਡਿੰਗ **www.gurmatsangeetpup.com, www.sikh-relics.com, www.sewageorgia.org, www.jawadditaksal.org, www.sikhsangeet.com, www.vismaadnaad.org, www.youtube.com** ਵੈਬਸਾਈਟਸ 'ਤੇ ਸੁਣੀ ਜਾ ਸਕਦੀ ਹੈ।

ਗੂਜਰੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਸੁਰਲਿਪੀਬੱਧ ਵਿਰਾਸਤੀ ਭੰਡਾਰ ਵਿਚ ਅਨੇਕਾਂ ਸੁਰਲਿਪੀਬੱਧ ਸੁਰਾਵਲੀਆਂ ਮਿਲ ਜਾਂਦੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁੱਖ ਰਚਨਾਕਾਰ ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋਫ਼ੈਸਰ ਤਾਰਾ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਗੂਜਰੀ ਰਾਗ ਦੇ ਅੰਤਰਗਤ ਅਨੇਕਾਂ ਸ਼ਬਦਾਂ ਨੂੰ ਸੁਰਲਿਪੀਬੱਧ ਰੂਪ ਵਿਚ ਨਿਬੱਧ ਕੀਤਾ ਹੈ। ਰਬਾਬੀ ਘਰਾਣੇ ਦੀ ਸੀਨਾ-ਬ-ਸੀਨਾ ਚਲਦੀ ਪਰੰਪਰਾ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਸਾਨੂੰ ਰਾਗ ਗੂਜਰੀ ਦੀਆਂ ਕਈ ਸ਼ਬਦ ਕੀਰਤਨ ਰਚਨਾਵਾਂ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਗਿਆਨੀ ਗਿਆਨ ਸਿੰਘ ਐਬਟਾਬਾਦ ਦੇ ਸੁਰਲਿਪੀਬੱਧ ਪ੍ਰਕਾਸ਼ਿਤ ਸੰਗ੍ਰਹਿ ਗੁਰਬਾਣੀ ਸੰਗੀਤ (ਭਾਗ ਪਹਿਲਾ ਦੂਜਾ) ਵਿਚ ਇਸ ਰਾਗ ਅਧੀਨ ਸੱਤ ਸ਼ਬਦ ਕੀਰਤਨ ਰਚਨਾਵਾਂ ਜੋ ਕਿ ਰਬਾਬੀ ਭਾਈ ਤਾਬੇ ਦੀਆਂ ਤਰਜ ਹਨ।

ਗੂਜਰੀ ਦਾ ਗੁਰਮਤਿ ਸੰਗੀਤ ਦੀ ਵਿਵਹਾਰਕ ਸ਼ਬਦ ਕੀਰਤਨ ਚੌਕੀ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚੱਲਿਤ ਸ਼ੁਕਰਾਨੇ/ਜਨਮ ਸਮੇਂ ਦੀ ਕੀਰਤਨ ਚੌਕੀ ਵਿਚ ਇਸ ਰਾਗ ਅਧੀਨ ਰਚੀ ਬਾਣੀ ਦਾ ਵਿਸ਼ੇਸ਼ ਰੂਪ ਵਿਚ ਕੀਰਤਨ ਹੁੰਦਾ ਹੈ। ਖਾਸ ਕਰਕੇ ਗੁਰੂ ਅਰਜਨ ਦੇਵ ਦੁਆਰਾ ਉਚਾਰਿਆ ਸ਼ਬਦ ਪੂਤਾ ਮਾਤਾ ਕੀ ਆਸੀਸ ਸ਼ਬਦ ਦਾ ਜਨਮ ਸਮੇਂ ਦੀ ਕੀਰਤਨ ਚੌਕੀ ਦੇ ਅੰਤਰਗਤ ਵਿਸ਼ੇਸ਼ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਸਿੱਖ ਧਾਰਣਾ ਅਨੁਸਾਰ ਗੂਜਰੀ ਰਾਗ ਵਿਚ ਹੀ ਗੁਰੂ ਅਰਜਨ ਦੇਵ ਨੇ ਆਪਣੀ ਮਾਤਾ ਬੀਬੀ ਭਾਨੀ ਵੱਲੋਂ ਮਿਲੀ ਅਸੀਸ ਨੂੰ ਬਾਣੀ ਰੂਪ ਵਿਚ ਇਉਂ ਅੰਕਿਤ ਕੀਤਾ ਹੈ :

ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ ਰਹਾਉ॥

---

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

# ਮੂਲ-ਮੰਤਰ ਵਿੱਚ ਬ੍ਰਹਮ ਦਾ ਸਰੂਪ

ਡਾ. ਰਮਨਪ੍ਰੀਤ ਕੌਰ

ਗੁਰੂ ਨਾਨਕ ਤੋਂ ਪਹਿਲਾਂ ਬ੍ਰਹਮ ਦੇ ਸਰੂਪ ਦੇ ਨਿਰਧਾਰਣ ਦੀ ਇੱਕ ਲੰਮੀ ਪਰੰਪਰਾ ਮੌਜੂਦ ਹੈ। ਆਦਿ ਕਾਲ ਤੋਂ ਹੀ ਮਨੁੱਖ ਨੇ ਉਪਾਸਨਾ ਲਈ ਕਿਸੇ ਨਾ ਕਿਸੇ ਰੂਪ ਵਿਚ ਪਰਮ ਸੱਤਾ ਦੀ ਕਲਪਨਾ ਕਰਨੀ ਆਰੰਭ ਕਰ ਦਿੱਤੀ ਸੀ। ਇਹ ਕਲਪਨਾ ਸਮੇਂ ਅਤੇ ਸਥਾਨ ਦੇ ਬਦਲਣ ਨਾਲ ਆਪਣਾ ਵਿਕਾਸ ਕਰਦੀ ਰਹੀ। ਇਸ ਦੀ ਵਿਕਾਸਸ਼ੀਲ ਅਵਸਥਾ ਹੀ ਇਸ ਦੀ ਸਦੀਵਤਾ ਦਾ ਮੂਲ ਕਾਰਨ ਹੈ। ਬ੍ਰਹਮ ਦੇ ਨਾਂ, ਸਰੂਪ ਅਤੇ ਉਸ ਦੀਆਂ ਉਪਾਸਨਾ ਵਿਧੀਆਂ ਦੇ ਖੇਤਰ ਵਿੱਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹੀਆਂ, ਕਿਉਂਕਿ ਕਿਸੇ ਵੀ ਸਮਾਜ ਵਿੱਚ ਬ੍ਰਹਮ ਦੇ ਸਰੂਪ ਦਾ ਇਕੋ ਅਵਸਥਾ ਵਿੱਚ ਬਣਿਆ ਰਹਿਣਾ ਉਸ ਸਮਾਜ ਦੀ ਉੱਨਤੀ ਦੇ ਹਿਤ ਵਿਚ ਨਹੀਂ ਅਤੇ ਨਾ ਹੀ ਅਜਿਹਾ ਹੋਣਾ ਸੰਭਵ ਹੈ। ਪੁਰਾਤਨ ਵੇਦਾਂ ਤੋਂ ਲੈ ਕੇ ਸੰਤ ਸਾਹਿਤ ਤੱਕ ਬ੍ਰਹਮ ਦੀ ਅਨੇਕ ਨਾਵਾਂ ਅਤੇ ਸਰੂਪਾਂ ਦੁਆਰਾ ਚਰਚਾ ਹੋਈ ਪਰੰਤੂ ਇਸ ਸਭ ਦੇ ਬਾਵਜੂਦ ਬ੍ਰਹਮ ਸਦਾ ਆਪਣੇ ਆਦਿ ਅਨਾਦਿ ਰੂਪ ਵਿਚ ਹੀ ਸਸ਼ੋਭਿਤ ਰਿਹਾ ਹੈ।

ਵਿਸ਼ਵ ਦੇ ਕਣ ਕਣ ਵਿੱਚ ਪ੍ਰਾਪਤ ਅਲੌਕਿਕ ਅਤੇ ਅਵਿਅਕਤ ਸੱਤਾ ਅਥਵਾ ਬ੍ਰਹਮ ਦੀ ਅਨੁਭੂਤੀ ਦਾ ਨਾਂ ਬ੍ਰਹਮ ਭਾਵਨਾ ਹੈ। ਇਹ ਅਧਿਭੌਤਿਕ, ਅਧਿਦੈਵਿਕ ਅਤੇ ਅਧਿਆਤਮਿਕ ਪ੍ਰਕਾਰ ਦੀ ਹੈ। "ਇਸ ਜੜ ਜਗਤ ਨੂੰ ਜੋ ਠੀਕ ਉਹੋ ਜਿਹਾ ਸਮਝਦੇ ਹਨ, ਜਿਹੋ ਜਿਹਾ ਕਿ ਇਹ ਦਿਸਦਾ ਹੈ ਅਤੇ ਇਸ ਦੇ ਮੂਲ ਵਿਚ ਕਿਸੇ ਹੋਰ ਪਰਮ ਸੱਤਾ ਨੂੰ ਵਿਦਮਾਨ ਨਹੀਂ ਮੰਨਦੇ, ਉਹ ਜੜਵਾਦੀ ਜਾਂ ਭੌਤਿਕਵਾਦੀ ਹਨ ਅਤੇ ਉਨ੍ਹਾਂ ਦੀ ਬ੍ਰਹਮ ਭਾਵਨਾ ਆਧਿਭੌਤਿਕ ਹੈ। ਆਧਿਦੈਵਿਕ ਭਾਵਨਾ ਇਸ ਤੋਂ ਭਿੰਨ ਹੈ। ਇਸ ਭਾਵਨਾ ਵਾਲੇ ਸਾਧਕ ਪਰਮ ਸੱਤਾ ਦਾ ਦੈਵੀਕਰਣ ਕਰਕੇ ਉਸ ਨੂੰ ਸਾਕਾਰ ਸਗੁਣ ਰੂਪ ਵਿਚ ਚਿਤਰਦੇ ਹਨ। ਬਹੁ-ਦੇਵਵਾਦ ਦਾ ਪ੍ਰਚਲਨ ਇਸੇ ਭਾਵਨਾ ਦੇ ਅਧੀਨ ਹੋਇਆ ਸੀ। ਭਗਤਾਂ ਦੀ ਬ੍ਰਹਮ ਭਾਵਨਾ ਆਮ ਤੌਰ ਤੇ ਆਧਿਦੈਵਿਕ ਹੀ ਹੁੰਦੀ ਹੈ।"[1] ਗੁਰੂ ਨਾਨਕ ਦੀ ਬ੍ਰਹਮ ਭਾਵਨਾ ਅਧਿਆਤਮਿਕ ਹੈ, ਦੂਜੀਆਂ ਦੋਵਾਂ ਭਾਵਨਾਵਾਂ ਪ੍ਰਤੀ ਗੁਰੂਨਾਨਕ ਦੇਵ ਜੀ ਨੇ ਕੋਈ ਵਿਚਾਰ ਪ੍ਰਗਟ ਨਹੀਂ ਕੀਤਾ। ਉਨ੍ਹਾਂ ਨੇ ਜੜ ਜਗਤ ਨੂੰ ਪਰਮ ਸੱਤਾ ਦਾ ਖੇਲ ਪਸਾਰਾ ਮੰਨਦੇ ਹੋਏ ਅਵਤਾਰਵਾਦ ਦਾ ਵਿਰੋਧ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦਾ ਮਤ ਸਾਰੀ ਅਧਿਆਤਮਿਕਤਾ ਵਾਂਗ ਪ੍ਰਭੂਵਿਸ਼ਵਾਸੀ ਅਤੇ ਆਸਤਿਕ ਹੈ। ਇਸ ਵਿੱਚ ਪਰਮਾਤਮਾ ਦੇ ਵਿਭਿੰਨ ਸੰਕਲਪਾਂ ਅਤੇ ਸਰੂਪਾਂ ਦਾ ਸੂਤਰਿਕ ਵਰਣਨ ਹੈ। ਗੁਰੂ ਨਾਨਕ ਦੇਵ ਜੀ ਦੀ ਅਦਵੈਤਵਾਦੀ ਵਿਚਾਰਧਾਰਾ ਅਸਲੋਂ ਹੀ ਨਿਰਗੁਣੀ ਹੈ ਅਤੇ ਪਰਮਾਤਮਾ ਦੇ ਸਰੂਪ ਸੰਬੰਧੀ ਜਪੁਜੀ ਦੇ ਮੂਲ ਮੰਤਰ ਵਿੱਚ ਜੋ ਸੂਤਰਿਕ ਪਰਿਭਾਸ਼ਾ ਦਿੱਤੀ ਗਈ ਹੈ ਉਹ ਸ਼ਾਇਦ ਹੀ ਕਿਸੇ ਧਰਮ ਜਾਂ ਭਾਸ਼ਾ ਵਿੱਚ ਹੋਵੇ। ਮੂਲ ਮੰਤਰ ਦੇ ਸਾਰੇ ਪਦ ਪਰਮਾਤਮਾ ਦੇ ਵਿਭਿੰਨ ਗੁਣਾਂ ਦੀ ਵਿਆਖਿਆ ਕਰਦੇ ਹਨ।

'ਬ੍ਰਹਮ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜੋ 'ਬ੍ਰਿਹ' ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ 'ਵਧਣਾ' ਹੈ। 'ਬ੍ਰਹਮ' ਦਾ ਅਰਥ ਹੈ ਕਰਤਾਰ, ਜਗਨ-ਨਾਥ, ਵਾਹਿਗੁਰੂ। ਬ੍ਰਹਮ ਹੀ ਪੂਜਯ ਇਸ਼ਟ ਹੈ।[2]

ਗੁਰੂ ਨਾਨਕ ਉਤਰੀ ਭਾਰਤ ਵਿਚ ਨਿਰਗੁਣੀ ਮੱਤ ਦੇ ਭਗਤ ਪ੍ਰਚਾਰਕ ਸਨ। ਨਿਰਗੁਣ ਬ੍ਰਹਮ ਦਾ ਵਰਣਨ ਅਸਲ ਵਿਚ ਅਸੰਭਵ ਹੈ ਕਿਉਂਕਿ ਵਰਣਨ ਦੇ ਸਾਧਨ ਦੀ ਪਹੁੰਚ ਉਸ ਤਕ ਹੋ ਨਹੀਂ ਸਕਦੀ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਡਾ.ਪੀਤਾਂਬਰ ਦੱਤ ਲਿਖਦਾ ਹੈ ਕਿ ਪੂਰਣ ਰੂਪ ਵਿੱਚ ਉਹ ਸੱਤਾ ਦਾ ਕੋਈ ਢੁੱਕਵਾਂ ਵਿਚਾਰ ਕਰ ਹੀ ਨਹੀਂ

ਸਕਦਾ। ਉਹ ਬਾਣੀ ਤੋਂ ਪਰੇ ਹੈ। ਬੁੱਧੀ ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ ਬਾਣੀ ਰੂਪਕ ਦਾ, ਇਸ ਲਈ ਉਸ ਅਮੂਰਤ ਅਤੇ ਅਨੂਪਮ ਨੂੰ ਗ੍ਰਹਿਣ ਕਰਨ ਵਿੱਚ ਬੁੱਧੀ ਅਤੇ ਵਿਅਕਤ ਕਰਨ ਵਿਚ ਬਾਣੀ ਅਸਮਰਥ ਹੈ। ਬੁੱਧੀ ਨਾਲ ਉਨ੍ਹਾਂ ਪਦਾਰਥਾ ਦਾ ਗਿਆਨ ਹੋ ਸਕਦਾ ਹੈ ਜਿਹੜੇ ਇੰਦ੍ਰੀਆਂ ਦੇ ਗੋਚਰ ਹਨ, ਇੰਦ੍ਰੀਆਂ ਤੋਂ ਪਰੇ ਨਹੀਂ। [3]

ਗੁਰੂ ਨਾਨਕ ਦੇਵ ਜੀ ਨੇ ਨਿਰਗੁਣ ਪਾਰਬ੍ਰਹਮ ਦੀ ਪ੍ਰਾਪਤ ਕੀਤੀ ਰਹਸ ਅਨੁਭੂਤੀ ਨੂੰ ਸ਼ਬਦਾ ਰਾਹੀਂ ਚਿਤਰਣ ਦਾ ਅਦੁੱਤੀ ਉਪਰਾਲਾ ਕੀਤਾ ਹੈ। ਗੁਰੂ ਨਾਨਕ ਨੇ ਬ੍ਰਹਮ ਦਾ ਸਰੂਪ ਵਰਣਨ ਕਰਦਿਆਂ ਹੋਇਆਂ ਇਸ ਨੂੰ ਇੱਕ ਤੇ ਕੇਵਲ 'ਇੱਕ' ਦੱਸਿਆ ਹੈ।

ਜਪੁਜੀ ਦੇ ਮੂਲ ਮੰਤਰ ਵਿੱਚ ਬ੍ਰਹਮ ਦਾ ਸਰੂਪ ਇੱਕ ਸੂਤਰ ਵਿੱਚ ਪ੍ਰਗਟਾਇਆ ਗਿਆ ਹੈ। ਮੂਲ ਮੰਤਰ ਵਿੱਚ ਗੁਰੂ ਨਾਨਕ ਦੀ ਆਸਤਿਕਤਾ ਦਾ ਇਸ਼ਟ ਪੂਰਨ ਰੂਪ ਵਿੱਚ ਪ੍ਰਗਟ ਹੁੰਦਾ ਹੈ।

> ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਜਪੁਜੀ, ਮੂਲ ਮੰਤਰ)
> ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਆਸਾ, ਮ:੧ , ਆਦਿ ਗ੍ਰੰਥ, ਪੰਨਾ 350)

ਮੂਲ ਮੰਤਰ ਵਿੱਚ ਗਿਆਰਾ ਪਦ ਅਕਾਲ-ਪੁਰਖ ਦੇ ਵਿਧਾਨਿਕ ਗੁਣਾਂ ਦੇ ਲਖਾਇਕ ਹਨ ਅਤੇ ਗੁਰੂ ਨਾਨਕ ਦਰਸ਼ਨ ਦਾ ਸੂਤਰਿਕ ਪ੍ਰਗਟਾਵਾ ਹਨ। '੧' ਅਤੇ 'ੳ' ਦੋ ਸ਼ਬਦਾਂ ਦਾ ਇਹ ਸਮਾਸੀ ਪਦ ਸਮੁੱਚੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸ਼ਬਦ ਹੈ ਅਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਦਾ ਮੂਲ ਆਧਾਰ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਸ਼ਬਦ 568 ਵਾਰ ਪ੍ਰਯੋਗ ਵਿਚ ਆਇਆ ਹੈ। ਮੂਲ ਮੰਤਰ ਅਤੇ ਸਮੁੱਚੀ ਗੁਰਬਾਣੀ 'ੴ' ਦੇ ਸੰਕਲਪ ਉੱਤੇ ਆਧਾਰਿਤ ਹੈ ਅਤੇ ਅਕਾਲ-ਪੁਰਖ ਇਸ਼ਟ ਦੇ ਅਦਵੈਤਵਾਦੀ ਸੰਕਲਪ ਨੂੰ ਦ੍ਰਿੜ ਕਰਾਉਂਦੀ ਹੈ। ਇਹ ਪਦ ਧਰਮ ਦਰਸ਼ਨ ਦੇ ਅਨੇਕਾਂ ਵਾਦਾਂ-ਵਿਵਾਦਾਂ ਦਾ ਨਿਪਟਾਰਾ ਕਰਦੇ ਹੋਏ ਪਰਮਾਤਮਾ ਦੀ ਅਖੰਡਤਾ ਅਤੇ ਅਨੇਕਤਾ ਨੂੰ ਦਰਸਾਉਂਦਾ ਹੈ। ਗੁਰਬਾਣੀ ਦੇ ਵਿਭਿੰਨ ਟੀਕਿਆਂ ਅਨੁਸਾਰ 'ਇੱਕ' ਨਿਰਗੁਣ ਬ੍ਰਹਮ ਦਾ ਸੂਚਕ ਹੈ ਭਾਵ ਦਵੈਤਵਾਦੀ ਸਿਧਾਂਤ ਦਾ ਲਖਾਇਕ ਹੈ। ਗੁਰੂ ਨਾਨਕ ਦੇਵ ਜੀ ਨੇ ਇੱਕੋ ਪੰਕਤੀ ਵਿੱਚ 'ਏਕਮ ਏਕੰਕਾਰ' ਨੂੰ ਨਿਰਗੁਣ, ਅਮਰ, ਅਜੂਨੀ, ਅਜਾਤਿ, ਅਗੰਮ, ਅਗੋਚਰ, ਅਰੂਪ ਅਤੇ ਅਰੇਖ ਆਦਿ ਵੀ ਕਿਹਾ ਹੈ ਅਤੇ ਨਾਲ ਹੀ ਘਟ ਘਟ ਵਿੱਚ ਵੀ ਵਿਆਪਕ ਦੱਸਿਆ ਹੈ।

> ਏਕਮ ਏਕੰਕਾਰੁ ਨਿਰਾਲਾ।
> ਅਮਰ ਅਜੋਨੀ ਜਾਤਿ ਨ ਜਾਲਾ॥
> ਅਗਮ ਅਗੋਚਰ ਰੂਪੁ ਨ ਰੇਖਿਆ, ਖੋਜਤ ਖੋਜਤ ਘਟਿ ਘਟਿ ਦੇਖਿਆ॥ (ਆਦਿ ਗ੍ਰੰਥ, ਪੰਨਾ 838)
> ਪਰਮ ਹੰਸੁ ਸਚੁ ਜੋਤਿ ਅਪਾਰ
> ਜਹ ਦੇਖਉ ਤਹ ਏਕਕਾਰੁ॥ (ਗਉੜੀ ੧ , ਪੰਨਾ 227)

ੴ ਵਿੱਚ ਦੂਜਾ ਸ਼ਬਦ 'ੳ' (ਓਅੰਕਾਰ) ਹੈ, ਜੋ ਗੁਰਬਾਣੀ ਵਿੱਚ ਓਅੰਕਾਰ, ਓਨਮ ਅਤੇ ਓਅ ਤਿੰਨਾਂ ਰੂਪਾਂ ਵਿੱਚ ਵਰਤਿਆ ਗਿਆ ਪ੍ਰਾਪਤ ਹੁੰਦਾ ਹੈ। ਵਧੇਰੇ ਕੋਸ਼ਕਾਰ ਓਅੰਕਾਰ ਨੂੰ 'ਓਮ' ਦਾ ਹੀ ਰੂਪਾਂਤਰਿਤ ਰੂਪ ਮੰਨਦੇ ਹਨ। ਵੇਦਾਂ ਵਿੱਚ ਕੇਵਲ 'ਓਮ' ਸ਼ਬਦ ਦਾ ਹੀ ਪ੍ਰਯੋਗ ਮਿਲਦਾ ਹੈ ਪਰੰਤੂ ਉਪਨਿਸ਼ਦ ਅਤੇ ਭਗਵਤ ਗੀਤਾ ਵਿੱਚ 'ਓਮ' ਅਤੇ 'ਓਅੰਕਾਰ' ਦੋਵੇਂ ਸ਼ਬਦਾਂ ਦੀ ਵਰਤੋਂ ਹੋਈ ਮਿਲਦੀ ਹੈ। ਮਹਾਨ ਕੋਸ਼ ਅਨੁਸਾਰ ਸੰਸਕ੍ਰਿਤ ਦੇ ਵਿਦਵਾਨਾਂ ੳ, ਅ, ਮ ਤਿੰਨ ਅੱਖਰਾਂ ਨੂੰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ 'ਓਅਮ' ਨੂੰ 'ਤਿੰਨ ਦੇਵ ਰੂਪ' ਕਲਪਿਆ ਹੈ। ਪਰ ਗੁਰਮਤਿ ਵਿੱਚ 'ਓਐ' ਦੇ ਮੁੱਢ ਵਿਚ '੧' ਅੰਗ ਲਿਖ ਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ। [4]

ਅਸਲ ਵਿੱਚ ੴ ਰਾਹੀਂ ਸਿੱਖ ਧਾਰਾ ਵਿੱਚ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਹਾਂ ਪੱਖਾਂ ਨੂੰ ਇੱਕ ਇਕਾਈ ਵਿੱਚ ਪੇਸ਼ ਕੀਤਾ ਗਿਆ ਹੈ, ਜਿਹੜਾ ਨਿਰਗੁਣ-ਸਰਗੁਣ ਦੇ ਵਿਰੋਧਾਭਾਸ ਨੂੰ ਖਤਮ ਕਰਦਾ ਹੈ। 'ਬ੍ਰਹਮ' ਇੱਕ ਹੈ ਸਾਰੇ ਲੋਕ, ਪਰਲੋਕ ਤੇ ਦੁਨੀਆਂ ਉਸ ਦੀ ਕਿਰਤ ਹਨ। ਉਹ ਆਪਣੀ ਮਰਜ਼ੀ ਨਾਲ ਇੱਕ ਤੇ ਅਨੇਕ ਹੁੰਦਾ

ਹੋਇਆ ਵੀ ਅਕਾਲ-ਪੁਰਖ ਰੂਪ ਵਿਚ ਇਕ ਹੀ ਰਹਿੰਦਾ ਹੈ।

ਮੂਲ-ਮੰਤਰ ਦਾ ਅਗਲਾ ਸ਼ਬਦ ਸਤਿਨਾਮ ਹੈ ਜਿਸ ਵਿਚ 'ਸਤਿ' ਅਤੇ 'ਨਾਮ' ਦੋ ਸੁਤੰਤਰ ਪਦ ਹਨ। ਗੁਰਬਾਣੀ ਵਿੱਚ ਇਨ੍ਹਾਂ ਦਾ ਸੰਯੁਕਤ ਰੂਪ ਵਿਚ 48 ਵਾਰ ਪ੍ਰਯੋਗ ਹੋਇਆ ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿਚ ਸੰਯੁਕਤ ਸ਼ਬਦ 'ਸਤਿਨਾਮ' ਦਾ ਅਰਥ ਹੈ 'ਸਤਿ' ਹੀ ਪਰਮ-ਹਸਤੀ ਦਾ ਸਰਵੋਤਮ ਨਾਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸਤਿਨਾਮ' ਨੂੰ ਸੱਚਾ ਨਾਮ, ਸਚੁ ਨਾਇਆ, ਸਾਚ ਨਾਇ, ਸਾਚਉ ਨਾਮ, ਸਚਾ ਨਾਉ, ਸਚੇ ਨਾਮਿ ਅਤੇ ਸਚੇ ਨਇ ਆਦਿ ਕਈ ਰੂਪਾਂ ਵਿੱਚ ਪ੍ਰਗਟ ਕਰਨ ਦਾ ਇਹੀ ਭਾਵ ਹੈ। "ਸਤਿ ਸਰੂਪੀ ਸਚੈ ਨਾਮ (ਸਤਿਨਾਮ) ਨੂੰ ਅੰਮ੍ਰਿਤ ਨਾਮ, ਏਕ ਨਾਮ, ਰਾਮ ਨਾਮ, ਵੱਡਾ ਨਾਮ, ਨਿਰਭਉ ਨਾਮ, ਉਚ ਨਾਮ, ਗੁਰਮੁਖ ਨਾਮ, ਗੁਰਮਤਿ ਨਾਮ, ਨਿਰਮਲ ਨਾਮ, ਅਬਿਨਾਸੀ ਨਾਮ, ਨਿਰੰਜਨ ਨਾਮ ਆਦਿ ਵਿਸ਼ੇਸ਼ਣਾਂ ਰਾਹੀਂ ਦੱਸ ਕੇ 'ਨਾਮ' ਦੀ ਪ੍ਰਕ੍ਰਿਤੀ ਅਤੇ ਇਸ ਦੀਆਂ ਅਨੇਕ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ।"[5]

'ਕਰਤਾ-ਪੁਰਖ' ਦਾ ਸੰਕਲਪ ਸ੍ਰਿਸ਼ਟੀ-ਰਚਨਾ ਨਾਲ ਸੰਬੰਧਿਤ ਹੈ। ਡਾਕਟਰ ਸ਼ੇਰ ਸਿੰਘ ਅਨੁਸਾਰ "ਅਕਾਲ-ਪੁਰਖ ਦੀ ਏਕਤਾ ਅਤੇ ਸੱਤਾ ਉਪਰੰਤ ਜਿਹੜਾ ਸਭ ਤੋਂ ਪਹਿਲਾਂ ਗੁਣ ਹੈ ਉਹ ਅਕਾਲ-ਪੁਰਖ ਦਾ 'ਕਰਤਾ' ਹੋਣਾ। ਭਾਵ ਪਰਮਾਤਮਾ ਸ੍ਰਿਸ਼ਟੀ ਦਾ ਰਚਨਹਾਰ ਹੈ।"[6] ਕਰਤਾ-ਪੁਰਖ ਮੂਲ-ਮੰਤਰ ਦਾ ਤੀਜਾ ਸਮਾਸ ਹੈ। ਸਾਰੇ ਧਰਮਾਂ ਵਿੱਚ ਪਰਮਾਤਮਾ ਦੇ ਕਾਦਰ ਜਾਂ ਸਿਰਜਕ ਹੋਣ ਸੰਬੰਧੀ ਸੰਕਲਪ ਪ੍ਰਾਪਤ ਹਨ।ਜਪੁਜੀ ਵਿੱਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੇ ਵਿਭਿੰਨ ਕਾਰਜਾਂ ਵੱਲ ਸੰਕੇਤ ਕਰਕੇ ਉਨ੍ਹਾਂ ਨੂੰ ਅਕਾਲ-ਪੁਰਖ ਦੇ ਹੁਕਮ ਵਿੱਚ ਬੱਝੇ ਹੋਏ ਦਰਸਾਇਆ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ (ਆਦਿ ਗ੍ਰੰਥ, ਪੰਨਾ 7)

ਗੁਰਬਾਣੀ ਵਿੱਚ 'ਕਰਤਾ-ਪੁਰਖ' ਦੇ ਸੰਕਲਪ ਦੀ ਆਪਣੀ ਵਿਸ਼ੇਸ਼ ਮਹਾਨਤਾ ਹੈ 'ਕਰਤਾ' ੧ਓਂ ਦੇ ਕਰਤਾਰੀ ਗੁਣ ਨੂੰ ਮੂਰਤੀਮਾਨ ਕਰਦਾ ਹੈ।ਕਰਤਾ-ਪੁਰਖ ਦਾ ਇਹ ਗੁਣ ਸਿਰਜਣਾਤਮਕ ਅਕਾਲ-ਪੁਰਖ ਦੇ ਹੋਰ ਅਨੇਕਾਂ ਗੁਣਾਂ ਵਿਚੋਂ ਇਕ ਹੈ।

ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿੱਚ 'ਨਿਰਭਉ' ਸ਼ਬਦ ਪਰਮ ਸੱਤਾ ਦੇ ਵਾਚਕ ਰੂਪ ਵਿਚ ਵਰਤਿਆ ਹੈ।ਇਸ ਤੋਂ ਭਾਵ ਹੈ 'ਭੈ ਤੋਂ ਰਹਿਤ'। ਭੈ ਤੋਂ ਉਹੀ ਰਹਿਤ ਹੋ ਸਕਦਾ ਹੈ ਜੋ ਸਰਬ ਸ਼ਕਤੀਮਾਨ ਹੋਵੇ, ਜਿਸ ਨੂੰ ਕਿਸੇ ਦਾ ਡਰ ਨਾ ਹੋਵੇ। 'ਨਿਰਭਉ' ਸੰਸਕ੍ਰਿਤ ਸ਼ਬਦ 'ਨਿਰਭੈ' ਦਾ ਪੰਜਾਬੀ ਰੂਪ ਹੈ। ਗੁਰਬਾਣੀ ਵਿੱਚ ਅਕਾਲ-ਪੁਰਖ ਦੇ ਭੈ ਰਹਿਤ ਅਰਥਾਂ ਵਿਚ ਇਹ ਸ਼ਬਦ ਨਿਰਭਉ, ਨਿਰਭੈ, ਨਿਰਵਯ, ਨਿਰਭਵੇ ਅਤੇ ਨਿਰਭਾਯ ਆਦਿਕ ਕਈ ਰੂਪਾਂ ਵਿੱਚ ਪ੍ਰਯੋਗ ਹੋਇਆ ਹੈ:

ਭੈ ਵਿਚਿ ਪਵਣ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕ ॥ (ਵਾਰ ਆਸਾ ਮ.੧, ਆਦਿ ਗ੍ਰੰਥ, ਪੰਨਾ 464)

ਗੁਰੂ ਸਾਹਿਬਾਨ ਨੇ ਨਿਰਭਉ ਪ੍ਰਭੂ ਦੇ ਲੱਛਣ ਗੁਰਬਾਣੀ ਵਿਚ ਕਈ ਥਾਵਾਂ ਉੱਤੇ ਅੰਕਿਤ ਕੀਤੇ ਹਨ:

ਨਿਰਭਉ ਸੋ ਸਿਰਿ ਨਾਹੀ ਲੇਖਾ।

ਆਪਿ ਅਲੇਖੁ ਕੁਦਰਤਿ ਹੈ ਦੇਖਾ॥
ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ॥ (ਮਾਰੂ, ਸੋਹਲੇ $21/_{12}$)
ਨਿਰਭਉ ਸੇ ਅਭਅੰਤਰਿ ਵਸਿਆ।
ਅਹਿਨਿਸ ਨਾਮਿ ਨਿਰੰਜਨ ਰਸਿਆ॥
ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ॥(ਮਾਰੂ, ਸੋਹਲੇ. 21/14)

'ਨਿਰਭਉ' ਵਾਂਗ 'ਨਿਰਵੈਰ' ਦਾ ਸੰਕਲਪ ਵੀ ਗੁਰਮਤਿ ਦੀ ਮਹਾਨ ਦੇਣ ਹੈ। ਜਿਸ ਵਿੱਚ ਕਿਸੇ ਪ੍ਰਤੀ ਵੈਰ ਭਾਵ ਨਾ ਹੋਵੇ, ਭਾਵ ਜੋ ਵੈਰ-ਰਹਿਤ ਹੋਵੇ, ਉਸ ਲਈ 'ਨਿਰਵੈਰ' ਸ਼ਬਦ ਵਰਤਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮੂਲ-ਮੰਤਰ ਵਿੱਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ।

'ਅਕਾਲ ਮੂਰਤਿ' ਦੋ ਸ਼ਬਦਾਂ ਦਾ ਸਮਾਸ ਹੈ। 'ਅਕਾਲ' ਉਹ ਹੈ ਮ੍ਰਿਤੂ ਤੋਂ ਰਹਿਤ ਭਾਵ ਸਮੇਂ ਵਿਚ ਸੀਮਤ ਨਾ ਹੋਵੇ। 'ਕਾਲ' ਨੂੰ ਆਨਾਦੀ, ਅਨੰਤ, ਸਿਰਜਣਹਾਰ ਅਤੇ ਬ੍ਰਹਮਾ ਦਾ ਰਚਿਤਾ ਵੀ ਕਿਹਾ ਗਿਆ ਹੈ।[7] ਗੁਰੂ ਨਾਨਕ ਦੇਵ ਜੀ ਦੁਆਰਾ ਵਰਤਿਆ ਇਹ ਸ਼ਬਦ ਪਰਮਾਤਮਾ ਦਾ ਵਾਚਕ ਹੈ। ਇਸ ਤੋਂ ਭਾਵ ਹੈ ਸੱਤਾ ਦਾ ਉਹ ਸਰੂਪ ਜੋ ਕਾਲ ਤੋਂ ਰਹਿਤ ਹੈ। ਕਾਲ ਦਾ ਕੋਸ਼ਗਤ ਅਰਥ ਸਮਾਂ, ਅਵਸਰ, ਅੰਤ, ਮੌਤ, ਯਮ, ਰੰਗ, ਕਿਸਮਤ ਆਦਿ ਹਨ। ਗੁਰਮਤਿ ਵਿੱਚ 'ਅਕਾਲ ਮੂਰਤਿ' ਦਾ ਸੰਕਲਪ ਪਰਮਾਤਮਾ ਦੀ ਮੂਰਤੀ ਰੂਪ ਵਿੱਚ ਸਥਾਪਨਾ ਅਤੇ ਉਸਦੀ ਪੂਜਾ ਦੇ ਵਿਰੁੱਧ ਹੈ। ਪਰਮਾਤਮਾ ਨੂੰ 'ਅਕਾਲ' ਕਹਿਣ ਦਾ ਭਾਵ ਉਸ ਨੂੰ ਆਦਿ ਅਤੇ ਅੰਤ ਰਹਿਤ ਦੱਸਣਾ ਹੈ। ਗੁਰੂ ਨਾਨਕ ਨੇ ਪ੍ਰਭੂ ਦੇ ਅਕਾਲ ਸਰੂਪ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ ਕਰਵਾਇਆ ਹੈ।

ਤੂੰ ਅਕਾਲ ਪੁਰਖੁ ਨਾਹੀ ਸਿਰ ਕਾਲਾ॥ (ਮਾਰੂਮ.੧ , ਆਦਿ ਗ੍ਰੰਥ, ਪੰਨਾ 1038)
ਤੂੰ ਸਦਾ ਸਲਾਮਤ ਨਿਰੰਕਾਰ॥ (ਜਪੁਜੀ, ਪਉੜੀ 16-18)
ਸੁਰਤਿ ਮੂਰਤਿ ਆਦਿ ਅਨੂਪ ਨਾਨਕੁ ਜਾਚੈ ਸਾਚੁ ਸਰੂਪ॥ (ਧਨਾਸਰੀ ਮ.੧ , ਆਦਿ ਗ੍ਰੰਥ, ਪੰਨਾ 686)

'ਅਜੂਨੀ ਸੈਭੰ' ਸ਼ਬਦ ਵੀ ਮੂਲ-ਮੰਤਰ ਵਿਚ ਬ੍ਰਹਮ ਦਾ ਸੂਚਕ ਹੈ। ਅਜੂਨੀ ਦਾ ਅਰਥ ਹੈ ਜੋ ਜੂਨੀ ਵਿਚ ਨਹੀਂ ਆਉਂਦਾ ਭਾਵ ਜੋ ਅਜਨਮਾ ਹੈ ਜਾਂ ਜਨਮ ਧਾਰਨ ਨਹੀਂ ਕਰਦਾ। 'ਅਜੂਨੀ ਸੈਭੰ' ਦੇ ਸਮਾਸ ਰਾਹੀਂ ਗੁਰੂ ਨਾਨਕ ਦੇਵ ਜੀ ਨੇ 'ਸਰਗੁਣੀ ਅਵਤਾਰਵਾਦ' ਦਾ ਪੂਰਨ ਖੰਡਨ ਕੀਤਾ ਹੈ। ਗੁਰਮਤਿ ਅਨੁਸਾਰ ਬ੍ਰਹਮ 'ਅਜੂਨੀ' ਹੈ ਭਾਵ ਜਨਮ ਮਰਨ ਤੋਂ ਮੁਕਤ ਹੈ। ਬ੍ਰਹਮ ਤੋਂ ਬਿਨਾਂ ਸਾਰੀਆਂ ਵਜੂਦੀ ਘਾੜਤਾਂ ਜਨਮ ਰਾਹੀਂ ਸਰੂਪ ਗ੍ਰਹਿਣ ਕਰਦੀਆਂ ਹਨ। ਜਨਮ ਤੋਂ ਪਹਿਲਾਂ ਉਨ੍ਹਾਂ ਦਾ ਉਹ ਸਰੂਪ ਨਹੀਂ ਹੁੰਦਾ, ਜਨਮ ਤੋਂ ਬਾਅਦ ਸਰੂਪ ਗ੍ਰਹਿਣ ਕਰਨ ਉਪਰੰਤ ਆਪਣੀ ਨਿਰਧਾਰਤ ਸਮਾਂ ਸੀਮਾਂ ਭੋਗ ਕੇ ਮੁੜ ਵਿਘਟਿਤ ਹੋ ਜਾਦੀਆਂ ਹਨ। ਪਰ ਪਾਰਬ੍ਰਹਮ ਇਸ ਦੇ ਉਲਟ ਸਦਾ ਸਦਾ ਅਬਿਨਾਸ਼ੀ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਦੇ ਸਾਰੇ ਪਦਾ ਦੀ ਕੋਸ਼ਗਤ ਸੰਦਰਭੀ ਅਤੇ ਸੰਕਲਪਾਤਮਿਕ ਵਿਆਖਿਆ ਪ੍ਰਸਤੂਤ ਕਰਕੇ ਆਸਤਿਕਤਾ ਦਾ ਇਕ ਸੰਕਲਪ ਉਜਾਗਰ ਕੀਤਾ ਹੈ। ਗੁਰਮਤਿ ਪ੍ਰਭੂ ਦੀ ਭਗਤੀ ਹੈ ਜਿਸ ਦੀ ਅਨੁਭੂਤੀ ਗੁਰਪ੍ਰਸਾਦਿ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਗੁਰਮਤਿ ਵਿਚ ਪਰਮਾਤਮਾ ਦਾ ਅਜਿਹਾ ਵਿਆਪਕ, ਵਿਸ਼ਾਲ ਤੇ ਵਿਰਾਟ ਰੂਪ ਪੇਸ਼ ਕੀਤਾ ਗਿਆ ਹੈ ਅਤੇ ਸਿਮਰਨ ਰਾਹੀਂ ਬ੍ਰਹਮ ਗਿਆਨੀ ਬਣ ਕੇ ਉਸ ਵਿਚ ਅਭੇਦ ਹੋ ਸਕਣ ਦੀ ਜਾਂਚ ਨਾਨਕ ਬਾਣੀ ਵਿਚ ਦਰਸਾਈ ਗਈ ਹੈ।

### ਹਵਾਲੇ ਅਤੇ ਟਿੱਪਣੀਆਂ


1. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ , ਪੰਨਾ 111, (2) ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 673, (3) ਹਿੰਦੀ ਕਾਵਿ ਮੇਂ ਨਿਰਗੁਣ ਸੰਪਦ੍ਰਾਇ, ਪੰਨਾ 158, (4) ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 18, (5) ਡਾ. ਜਗਜੀਤ ਸਿੰਘ ਸਲੂਜਾ, ਮੂਲ ਮੰਤਰ, ਸੰਕਲਪ ਅਤੇ ਵਿਵੇਚਨ, ਪੰਨਾ 82
6. ਡਾ. ਸ਼ੇਰ ਸਿੰਘ, ਗਰੁਮਤਿ ਦਰਸ਼ਨ, ਪੰਨਾ 175
7. ਡਾ. ਜਗਜੀਤ ਸਿੰਘ ਸਲੂਜਾ, ਮੂਲ ਮੰਤਰ, ਸੰਕਲਪ ਅਤੇ ਵਿਵੇਚਨ, ਪੰਨਾ 137


ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਿਜ, ਮੁਹਾਲੀ

# ਗੁੱਝੀਆਂ ਰਮਜ਼ਾਂ ਦੇ ਰਚੇਤਾ ਸੰਤ ਸੰਤੋਖ ਸਿੰਘ ਜੀ ਦੇ ਜੀਵਨ 'ਤੇ ਇਕ ਝਾਤ

ਜਗਦੀਪ ਸਿੰਘ (ਸਪੁੱਤਰ ਸਵਗਵਾਸੀ ਸੰਤ ਸੰਤੋਖ ਸਿੰਘ ਜੀ)

ਸੰਨ 1906 ਦੇ ਨੇੜੇ ਤੇੜੇ ਧਰੋਪਤੀ ਦੇਵੀ ਸਪੁਤਨੀ ਸਰਦਾਰ ਮਹਿਲ ਸਿੰਘ ਚੱਢਾ, ਜੋ ਕਿ ਇਕ ਪਿੰਡ ਵਿਚ ਪ੍ਰਚਲਤ ਢੰਗ ਅਨੁਸਾਰ ਖੱਚਰਾਂ ਰਾਹੀਂ ਢੋਆ-ਢੋਆਈ ਦਾ ਮਾਮੂਲੀ ਕੰਮ ਕਰਕੇ ਉਪਜੀਵਿਕਾ ਕਮਾਂਉਂਦੇ ਸਨ, ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ। ਇਹ ਪਿੰਡ ਸੀ ਨਾਰੰਗ, ਜੋ ਤਹਿਸੀਲ ਚਕਵਾਲ, ਜ਼ਿਲ੍ਹਾ ਜਿਹਲਮ (ਅੱਜੋਕੇ ਪਾਕਿਸਤਾਨ) ਵਿਚ ਹੈ। ਇਹ ਕੋਈ ਸਾਧਾਰਨ ਬੱਚਾ ਨਹੀਂ ਸੀ। ਆਪ ਜੀ ਦਾ ਨਾਂ ਸੰਤੋਖ ਸਿੰਘ ਰੱਖਿਆ ਗਿਆ ਜੋ ਬਾਅਦ ਵਿਚ ਸਚਮੁੱਚ ਹੀ ਆਪਣੇ ਨਾਂ 'ਤੇ ਪੂਰਾ ਉਤਰਿਆ ਤੇ ਆਪਣੇ ਨਾਂ ਨੂੰ ਚਾਰ ਚੰਨ ਲਾਏ।

ਸੰਤੋਖ ਸਿੰਘ ਜੀ ਹੁਣ ਵੱਡੇ ਹੋਣ ਲੱਗੇ ਪਰ ਉਹ ਸਦਾ ਗੰਭੀਰ ਤੇ ਉਦਾਸ ਰਹਿੰਦੇ ਸਨ, ਭਾਵੇਂ ਸਨ ਬੜੇ ਹੀ ਸਿਆਣੇ ਤੇ ਬੁੱਧੀਮਾਨ। ਬਚਪਨ ਵਿਚ ਹੀ ਉਹਨਾਂ ਕਵਿਤਾ ਰਚਣੀ ਆਰੰਭ ਕਰ ਦਿੱਤੀ। ਜੋ ਕੁਝ ਵੀ ਉਹ ਰਚਦੇ ਉਸਦਾ ਵਿਸ਼ਾ ਰੱਬੀ ਪ੍ਰੇਮ ਹੀ ਹੁੰਦਾ। ਉਸ ਸਮੇਂ ਇਕ ਬੱਚੇ ਤੋਂ ਅਜਿਹੀ ਕਵਿਤਾ ਦੀ ਰਚਨਾ ਹੋਣੀ ਅਣਸੁਣੀ ਗੱਲ ਸੀ। ਜਦੋਂ ਹਾਲੇ ਉਹ ਬਾਰਾਂ ਵਰ੍ਹਿਆਂ ਦੇ ਹੀ ਸਨ ਤਾਂ ਇਸ ਧੂੜ ਧੜੱਪੇ ਵਾਲੇ ਪਿੰਡ ਵਿਚ ਇਕ ਧਾਰਮਿਕ ਇਕੱਠ ਹੋਇਆ ਅਤੇ ਸੰਤੋਖ ਸਿੰਘ ਨੂੰ ਉਸ ਵਿਚ ਇਕ ਕਵਿਤਾ ਪੜ੍ਹਨ ਲਈ ਆਖਿਆ ਗਿਆ। ਇਸ ਕਵਿਤਾ ਦੀ ਲੋਕ ਪ੍ਰਸੰਸਾ ਇਤਨੀ ਹੋਈ ਕਿ ਉਹਨਾਂ ਨੂੰ ਇਕ ਕਵਿਤਾ ਤਿੰਨ ਵਾਰ ਸੁਣਾਉਣ ਲਈ ਕਿਹਾ ਗਿਆ। ਇਸ ਤੋਂ ਉਪਰੰਤ ਲੋਕਾਂ ਨੇ ਉਹਨਾਂ ਨੂੰ ਸੰਤ ਜੀ ਕਰਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਜਦੋਂ ਕਿ ਹਾਲੇ ਉਹ ਕੇਵਲ 12 ਵਰ੍ਹਿਆਂ ਦੇ ਹੀ ਸਨ।

1921 ਦੇ ਨੇੜੇ ਤੇੜੇ ਉਹਨਾਂ ਦਸਵੀਂ ਦੀ ਪ੍ਰੀਖਿਆ ਦਿੱਤੀ, ਉਸ ਵੇਲੇ ਪਿੰਡ ਵਿਚ ਦਸਵੀਂ ਪਾਸ ਬੰਦਾ ਅੱਜੋਕੇ ਐੱਮ. ਏ. ਪਾਸ ਦੇ ਬਰਾਬਰ ਗਿਣਿਆ ਜਾਂਦਾ ਸੀ। ਉਹ ਇਸ ਧੂੜ ਲਪੇਟੇ ਪਿੰਡੋਂ ਨਿਕਲ ਕੇ ਕਿਸੇ ਸ਼ਹਿਰ ਵਿਚ ਜੀਵਨ ਪ੍ਰਾਰੰਭ ਕਰਨਾ ਚਾਹੁੰਦੇ ਸਨ। ਉਹ ਕੰਮ ਲੱਭਣ ਲਈ ਰਾਵਲਪਿੰਡੀ ਚਲੇ ਗਏ। ਅੰਤ ਵਿਚ 20 ਰੁਪੈ ਮਹੀਨੇ ਦੀ ਤਨਖਾਹ ਤੇ ਉਹਨਾਂ ਨੂੰ ਆਟੋ ਪਾਰਟਸ ਦੀ ਕੰਪਨੀ ਵਿਚ ਥਾਂ ਮਿਲ ਗਈ। ਉਹਨਾਂ ਦੇ ਗੰਭੀਰ ਤੇ ਰੱਬੀ ਭਰਪੂਰ ਸੁਭਾਅ ਨੂੰ ਵੇਖਦਿਆਂ ਉਹਨਾਂ ਦੇ ਮਾਲਿਕ ਨੇ ਉਹਨਾਂ ਨੂੰ ਆਦਰ-ਮਾਣ ਦੇਣਾ ਸ਼ੁਰੂ ਕਰ ਦਿੱਤਾ।

ਹੁਣ ਸਭਨਾਂ ਨੇ ਉਹਨਾਂ ਨੂੰ ਸੰਤ ਜੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਹਾਲੇ ਉਹ ਕੁਆਰੇ ਹੀ ਸਨ। ਉਹ ਇਤਨੇ ਸੱਚੇ ਤੇ ਸਿੱਧ-ਪੱਧਰਾ ਰਹਿਣ ਵਾਲੇ ਸਨ ਕਿ ਵਿਆਹ ਸਮੇਂ ਉਹਨਾਂ ਦੇ ਹੋਣ ਵਾਲੇ ਸਹੁਰੇ ਨੇ ਉਹਨਾਂ ਦੀ ਦਾੜ੍ਹੀ ਵਿਚ ਦੋ ਚਾਰ ਚਿੱਟੇ ਕੇਸ ਵੇਖੇ ਤੇ ਆਖਿਆ, "ਹਾਂ, ਆਪ ਦੀ ਦਾੜ੍ਹੀ ਵਿਚ ਦੋ ਚਾਰ ਚਿੱਟੇ ਕੇਸ ਹਨ।" ਅਤੇ ਉਹਨਾਂ ਅਚਾਨਕ ਹੀ ਉੱਤਰ ਵਿਚ ਆਖਿਆ, "ਕਿ ਨਹੀਂ, ਹਾਲੇ ਕੁਝ ਹੋਰ ਚਿੱਟੇ ਕੇਸ ਮੇਰੇ ਸਿਰ ਵਿਚ ਹਨ।"

ਉਹਨਾਂ ਕੰਮ ਵਿਚ ਕਮਾਲ ਦੀ ਤਰੱਕੀ ਕੀਤੀ ਅਤੇ ਹੌਲੀ ਹੌਲੀ ਸਾਰਾ ਪਰਿਵਾਰ ਹੀ ਆਣ ਸ਼ਾਮਲ ਹੋਇਆ। ਇਉਂ ਪਰਿਵਾਰ ਨੂੰ ਸਮਾਜਿਕ ਤੌਰ 'ਤੇ ਬੜੀ ਮਾਯੋ ਥਾਂ ਪ੍ਰਾਪਤ ਹੋ ਗਈ। ਉਹਨਾਂ ਅੱਜੋਕੇ ਪਾਕਿਸਤਾਨ ਦੇ ਕਈ ਇਲਾਕਿਆਂ ਵਿਚ ਕੰਮ ਖੋਲ੍ਹੇ ਪਰ ਇਸ ਸਾਰੀ ਉਨਤੀ ਦੇ ਸਮੇਂ ਵੀ ਉਹ ਇਕੱਠ ਵਿਚ ਬੈਠ ਕੇ ਕਵਿਤਾ ਦੀ ਰਚਨਾ ਕਰਦੇ। ਉਹਨਾਂ ਸੱਚਾਈ ਨਾਲੋਂ ਕਦੇ ਵੀ ਸੰਪਰਕ ਨਾ ਤੋੜਿਆ।

ਗ੍ਰਹਸਥੀ ਹੁੰਦਿਆਂ ਹੋਇਆਂ ਵੀ ਉਹ ਘੰਟਿਆਂ ਬੱਧੀ ਰੱਬ ਦੀ ਭਗਤੀ ਵਿਚ ਲੀਨ ਰਹਿੰਦੇ। ਉਹ ਸੱਚਾਈ ਦੇ ਜੀਵਨ ਜੀਉਣ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ, ਇਥੋਂ ਤਕ ਕਿ ਸੱਤਾਂ ਬੱਚਿਆਂ ਦੇ ਹੁੰਦਿਆਂ ਵੀ ਸੂਰਜ ਡੁੱਬਣ ਦੇ ਨਾਲ ਹੀ ਕੰਮ ਕਾਰ ਠੱਪ ਕਰ ਦਿੰਦੇ। ਉਹ ਘਰ ਵਾਪਸ ਆ ਕੇ ਪਰਿਵਾਰ ਵਿਚ ਜਾਂ ਆਪਣੇ ਆਪ ਵਿਚ ਬੈਠਦੇ। ਉਹਨਾਂ ਦਾ ਨਾਂ 'ਸੰਤੋਖ' ਉਹਨਾਂ ਦੇ ਕਰਮਾਂ ਨਾਲ ਐਨ ਮੇਲ ਖਾਂਦਾ ਸੀ।

ਅਗਸਤ 1947 ਵਿਚ ਉਹ ਭਾਰਤ ਆ ਗਏ। ਉਹਨਾਂ ਨੂੰ ਰਾਹ ਵਿਚ ਦੋ ਵਾਰੀ ਮੁਸਲਮਾਨਾਂ ਦੀਆਂ ਬੰਦੂਕਾਂ ਦਾ ਨਿਸ਼ਾਨਾ ਬਣਨਾ ਪਿਆ ਪਰ ਕਿਸੇ ਤਰ੍ਹਾਂ ਦੁਸ਼ਟਾਂ ਦੇ ਸਾਥੀਆਂ ਨੇ ਉਹਨਾਂ ਨੂੰ ਸਮਝਾ ਬੁਝਾ ਕੇ ਆਖਿਆ ਕਿ ਉਹ ਸੰਤ ਸਰੂਪ ਨੂੰ ਨਾ ਮਾਰਨ। ਅੰਤ ਵਿਚ ਉਹ ਨਵੀਂ ਦਿੱਲੀ ਆਪਣੇ ਪਰਿਵਾਰ ਨਾਲ ਆ ਮਿਲੇ ਜਿਸ ਨੂੰ ਉਹਨਾਂ ਨੇ ਪਹਿਲਾਂ ਤੋਂ ਦਿੱਲੀ ਭੇਜ ਦਿੱਤਾ ਸੀ ਕਿਉਂਕਿ ਉਹਨਾਂ ਨੂੰ ਪਹਿਲਾਂ ਤੋਂ ਹੀ ਹੋਣ ਵਾਲੇ ਝੱਖੜ-ਝੋਲੇ ਦੀ ਬੋਅ ਆ ਰਹੀ ਸੀ। ਜਦੋਂ ਉਹ ਨਵੀਂ ਦਿੱਲੀ ਪੁੱਜੇ ਤਾਂ ਉਹਨਾਂ ਦੇ ਤਨ ਤੇ ਕੇਵਲੇ ਅਧੂਰੇ ਕੱਪੜੇ ਹੀ ਸਨ-ਇਥੋਂ ਤਕ ਕਿ ਪੱਗ ਤੇ ਜੁੱਤੀ ਵੀ ਨਹੀਂ ਸੀ, ਪੈਸਿਆਂ ਦੀ ਗੱਲ ਤਾਂ ਮੂਲੋਂ ਹੀ ਛੱਡੋ। ਲੱਖਪਤੀ ਤੋਂ ਉਹ ਕੱਖਪਤੀ ਬਣ ਚੁੱਕੇ ਸਨ ਅਤੇ ਫਿਰ ਇਕ ਵਾਰ ਲਕੜੀ ਦੇ ਖੋਖੇ ਵਿਚ ਆਟੋ ਪਾਰਟਸ ਦਾ ਕੰਮ ਆਰੰਭਿਆ। ਪਰ ਇਹ ਸਭ ਕੁਝ ਰੱਬ ਨਾਲੋਂ ਉਹਨਾਂ ਦੀ ਲਿਵ ਨਾ ਤੋੜ ਸਕੇ।

ਸਭ ਤੋਂ ਵੱਡਾ ਨੁਕਸਾਨ ਸੀ ਉਹਨਾਂ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ ਦਾ ਗੁੰਮਣਾ ਜੋ ਕਿ ਉਹ ਪਿੱਛੇ (ਪਾਕਿਸਤਾਨ) ਛੱਡ ਆਏ ਸਨ ਅਤੇ ਹੁਣ ਉਹਨਾਂ ਕੋਲ ਕਵਿਤਾ ਲਿਖਣ ਦਾ ਸਮਾਂ ਹੀ ਨਹੀਂ ਸੀ ਬਚਦਾ ਕਿਉਂਕਿ ਨੌਂ ਜੀਆਂ ਲਈ ਰੋਟੀ ਕਮਾਉਣੀ ਸੀ। ਉਹਨਾਂ ਸਾਰਿਆਂ ਦੀ ਪਰਵਰਿਸ਼ ਅਤੇ ਪੜ੍ਹਾਈ ਇਕ ਪਹਾੜ ਜਿੱਡਾ ਕੰਮ ਸੀ। ਖਾਸ ਕਰਕੇ ਉਦੋਂ ਜਦੋਂ ਸਭ ਆਪਣੇ ਵੀ ਪਿੱਠ ਦੇ ਗਏ ਹੋਣ ਅਤੇ ਆਪ ਨੂੰ ਰੁਲਣ ਲਈ ਇਕੱਲਾ ਛੱਡ ਗਏ ਹੋਣ।

1961 ਵਿਚ ਉਹਨਾਂ ਨੂੰ ਅਧਰੰਗ ਨੇ ਦਬੋਚ ਲਿਆ ਜਦੋਂ ਕਿ ਉਹ ਸਾਈਕਲ ਤੇ ਵਾਪਸ ਆ ਰਹੇ ਸਨ। ਭਾਵੇਂ ਉਹ ਬਚ ਗਏ ਪਰ ਸੱਜੀ ਬਾਂਹ ਤੇ ਥੋੜ੍ਹਾ ਸੱਜੀ ਲੱਤ ਤੇ ਨਿਯੰਤਰਣ ਗੁਆ ਬੈਠੇ। ਮੈਂ ਉਹਨਾਂ ਨੂੰ ਉਤਸ਼ਾਹ ਦਿੱਤਾ ਕਿ ਉਹ ਇਕ ਵਾਰੀ ਫਿਰ ਕਵਿਤਾ ਲਿਖਣਾ ਆਰੰਭ ਕਰਨ, ਜੋ ਉਹਨਾਂ ਲਈ ਸਦਾ ਹੀ ਮਨ ਭਾਉਂਦਾ ਕਰਮ ਰਿਹਾ ਸੀ। ਉਹਨਾਂ ਨੇ ਮੇਰੀ ਗੱਲ ਮੰਨ ਲਈ ਪਰ ਉਹਨਾਂ ਦੀ ਖੱਬੀ ਬਾਂਹ ਉਹਨਾਂ ਦੇ ਵਿਚਾਰਾਂ ਤੇ ਕਲਮ ਵਿਚ ਅਟਕਾਊ ਪਾ ਦਿੰਤੀ। ਇਸੇ ਲਈ ਉਹਨਾਂ ਦੀਆਂ ਕਵਿਤਾਵਾਂ ਕਿਤੇ ਕਿਤੇ ਅਧੂਰੀਆਂ ਹੀ ਰਹੀਆਂ ਕਿਉਂਕਿ ਉਹ ਠੀਕ-ਠਾਕ ਲਿਖਣੋਂ ਅਸਮਰਥ ਸਨ।

ਉਹ ਅਜਿਹੇ ਵਿਅਕਤੀ ਸਨ ਜੋ ਕੇਵਲ ਕਰਮ ਅਤੇ ਭਾਣੇ ਵਿਚ ਰਹਿਣਾ ਚਾਹੁੰਦੇ ਸਨ। ਕੇਵਲ ਪ੍ਰਾਰਥਨਾ ਜਾਂ ਗੁਰਦੁਆਰੇ ਜਾਣ ਵਿਚ ਉਹਨਾਂ ਦੀ ਬਹੁਤੀ ਰੁਚੀ ਨਹੀਂ ਸੀ। ਇਕ ਵਾਰੀ ਮੈਂ ਉਹਨਾਂ ਨੂੰ ਕਿਹਾ ਕਿ ਆਪ ਕਿਉਂ ਕਿਤੇ ਬਾਹਰ ਜਾ ਕੇ ਮਿਤਰਾਂ ਨੂੰ ਨਹੀਂ ਮਿਲਦੇ ਤਾਂ ਜੋ ਸਮਾਂ ਸੌਖਿਆ ਕਟ ਜਾਵੇ। ਪਰ ਉਹਨਾਂ ਉੱਤਰ ਦਿੱਤਾ,

ਨਾ ਮੈਂ ਇਸ ਲਾਇਕ ਸੀ ਕਿ ਕੋਈ ਮੈਨੂੰ ਮਿੱਤਰ ਬਣਾਉਂਦਾ
ਨਾ ਮੈਂ ਇਸ ਲਾਇਕ ਸੀ ਕਿ ਕੋਈ ਮੈਨੂੰ ਦੁਸ਼ਮਣ ਬਣਾਉਂਦਾ

ਜਦੋਂ ਫਿਰ ਇਕ ਵਾਰੀ ਮੈਂ ਇਹ ਕਿਹਾ ਕਿ ਆਪ ਕਿਤੇ ਗੁਰਦੁਆਰੇ ਜਾ ਕੇ ਕੁਝ ਸਮਾਂ ਕਿਉਂ ਨਹੀਂ ਬਿਤਾਉਂਦੇ? ਤਾਂ ਝੱਟ ਉੱਤਰ ਮਿਲਿਆ, "ਮੈਨੂੰ ਉਥੇ ਕੀ ਮਿਲੇਗਾ?" ਮੈਂ ਕਿਹਾ ਕਿ ਇਉਂ ਸਾਧ-ਸੰਗਤ ਦੇ ਦਰਸ਼ਨ ਹੋ ਜਾਣਗੇ, ਮਨੋਂ-ਸ਼ਾਂਤੀ ਮਿਲੇਗੀ, ਪ੍ਰਭੂ ਨਾਮ ਤੇ ਕੀਰਤਨ ਸੁਣਨਾ ਮਿਲੇਗਾ। ਤਾਂ ਉਹ ਬੋਲੇ ਕਿ ਇਹ ਸਭ ਕੁਝ ਉਹਨਾਂ ਨੂੰ ਪਹਿਲਾਂ ਤੋਂ ਪ੍ਰਾਪਤ ਹੋ ਚੁਕਿਆ ਹੈ। ਇਉਂ ਖਾਲੀ ਬੈਠਿਆਂ ਤੇ ਵੇਖਣ ਵਿਚ ਕੁਝ ਨ ਕੁਝ ਕਰਦਿਆਂ ਉਹ ਪ੍ਰਭੂ ਨਾਲ ਲਿਵਲੀਨ ਰਹਿੰਦੇ। ਭਾਵੇਂ ਉਹ ਪ੍ਰਾਰਥਨਾ ਕਰਦੇ ਦਿਖਾਈ ਨਹੀਂ ਸਨ ਦਿੰਦੇ ਪਰ ਫਿਰ ਵੀ ਉਹ ਪ੍ਰਾਰਥਨਾ ਵਿਚ ਜੁਟੇ ਰਹਿੰਦੇ।

ਉਹ ਆਪਣੀ ਪਿਆਰੀ ਪਤਨੀ ਤੋਂ ਸਦਾ ਹੀ ਪ੍ਰੇਰਣਾ ਲੈਂਦੇ ਰਹੇ ਜੋ ਕਿ ਇਕ ਸਾਧਾਰਨ, ਨਿਮਰਤਾ ਭਰਪੂਰ ਤੇ ਸਜੱਗ ਆਤਮਾ ਸੀ। ਉਹ ਸਾਰਾ ਦਿਨ ਗੁਰਬਾਣੀ ਦਾ ਜਾਪ ਕਰਦੀ ਰਹਿੰਦੀ ਸੀ। ਉਹ ਲੋੜਵੰਦਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਦਿੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤੀ ਸ਼ਰਧਾ ਉਹਨਾਂ ਦੇ ਹਿਰਦੇ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ ਅਤੇ ਉਹ ਪਹਿਲੇ ਜੱਥੇ ਨਾਲ 1965 ਵਿਚ ਸ੍ਰੀ ਹੇਮਕੁੰਟ ਸਾਹਿਬ ਗਏ। ਰਾਹ ਵਿਚ ਇਕ ਅਦਭੁੱਤ ਘਟਨਾ ਵਾਪਰੀ। ਜਦੋਂ ਪਹਾੜ ਤੇ ਚੜ੍ਹਦੇ ਚੜ੍ਹਦੇ ਉਹ ਬਹੁਤ ਥੱਕ ਗਈ ਤੇ ਹੋਰ ਚਲਣੋਂ ਅਸਮਰਥ ਜਿਹੀ ਹੋ ਗਈ ਤਾਂ ਅਚਾਨਕ ਚਾਰ ਕਹਾਰ ਪਾਲਕੀ ਲੈ ਕੇ ਉਹਨਾਂ ਸਾਹਮਣੇ ਆ ਗਏ ਤੇ ਪਾਲਕੀ ਵਿਚ ਬਿਠਾ ਕੇ ਗੁਰਦੁਆਰੇ (ਜੋ ਕਿ ਉਸ ਵੇਲੇ ਮਾਮੂਲੀ ਜਿਹੀ ਛੱਪਰੀ ਹੀ ਸੀ) ਪਹੁੰਚ ਗਏ। ਜਦੋਂ ਉਹਨਾਂ ਪੈਸੇ ਦੇਣ ਲਈ ਹੱਥ ਵਧਾਇਆ ਤਾਂ ਉਥੇ ਕੋਈ ਨਹੀਂ ਸੀ। ਰੋਜ਼ ਸਵੇਰੇ ਉਹ ਗੁਰਦੁਆਰੇ ਜਾਂਦੇ ਸਨ ਅਤੇ ਕੀਰਤਨ ਵਿਚ ਲੀਨ ਹੋ ਜਾਂਦੇ ਸਨ। ਕੀਰਤਨ ਮੁੱਕਣ ਤੋਂ ਉਪਰੰਤ ਬਾਅਦ ਬਾਹਰ ਜਾਂਦੇ ਸਨ। ਕੇਵਲ 52 ਸਾਲ ਦੀ ਆਯੂ ਵਿਚ ਉਹ ਚਲਾਣਾ ਕਰ ਗਏ। ਸੰਤ ਸੰਤੋਖ ਸਿੰਘ ਜੀ ਦੇ ਜੀਵਨ ਵਿਚ ਇਹ ਇਕ ਵੱਡਾ ਪਾੜ ਸੀ। ਪਤਨੀ ਲਈ ਡੂੰਘਾ ਪਿਆਰ ਤੇ ਜੁਦਾਈ ਦੀ ਪੀੜ

ਉਹਨਾਂ ਦੀਆਂ ਕਵਿਤਾਵਾਂ ਵਿਚੋਂ ਸਪਸ਼ਟ ਝਲਕ ਰਹੀ ਸੀ।

ਮੇਰੀ ਨਿਮਰਤਾ ਸਹਿਤ ਇਹ ਬੇਨਤੀ ਹੈ ਕਿ ਆਪ ਇਕਾਂਤ ਵਿਚ ਬੈਠ ਕੇ ਸ਼ੁੱਧ ਹਿਰਦੇ ਨਾਲ ਉਹਨਾਂ ਦੀਆਂ ਕਵਿਤਾਵਾਂ ਪੜ੍ਹੋ ਤੇ ਜੇ ਤੁਸੀਂ ਸੱਚ ਮੁੱਚ ਇਉਂ ਕਰੋਗੇ ਤਾਂ ਆਪ ਦੇ ਅੱਥਰੂ ਨਹੀਂ ਸੁੱਕਣਗੇ। ਜਿਸ ਨਾਲ ਆਪ ਨੂੰ ਮਹਾਨ ਸੱਚਾਈ ਦਾ ਅਨੁਭਵ ਹੋਵੇਗਾ। ਉਹਨਾਂ ਕਵਿਤਾ ਸੱਚਾਈ ਤੇ ਰੱਬ ਨਾਲ ਗੱਲਾਂ ਕਰਾਉਂਦੀ ਹੈ। ਭਾਵੇਂ ਕਿਤੇ ਕਿਤੇ ਇਹ ਸੱਚੀ ਤੇ ਦਿਲ-ਢਾਹੁਣੀ ਲੱਗੇ ਪਰ ਇਉਂ ਆਪ ਨੂੰ ਇਹ ਕਰਮਯੋਗੀ ਬਣਾ ਦੇਵੇਗੀ। ਇਹ ਤੁਹਾਡੇ ਵਿਚ ਛਿਪੇ ਸੱਚ ਨੂੰ ਉਭਾਰ ਲਿਆਵੇਗੀ।

ਅੰਤ ਵਿਚ ਮੈਂ ਦੁਖੀ ਹਿਰਦੇ ਨਾਲ ਮਹਿਸੂਸ ਕਰਦਾ ਹਾਂ ਕਿ ਮੈਂ ਹਾਲੇ ਉਥੇ ਨਹੀਂ ਪਹੁੰਚ ਸਕਿਆ ਜਿੱਥੇ ਮੈਨੂੰ ਪਹੁੰਚਣਾ ਚਾਹੀਦਾ ਸੀ। ਪਰ ਸ਼ਾਇਦ ਜੇ ਮੈਂ ਜੀਊਂਦਾ ਰਿਹਾ ਤਾਂ ਰੱਬ ਜ਼ਰੂਰ ਹੀ ਮੈਨੂੰ ਜੀਵਨ ਗੁੰਝਲਾਂ ਤੋਂ ਨਵਿਰਤੀ ਬਖਸ਼ੇਗਾ ਅਤੇ ਮੈਨੂੰ ਉਸੇ ਤਰ੍ਹਾਂ ਆਪਣਾ ਸਪੁੱਤਰ ਬਣਾ ਲਵੇਗਾ ਜਿਵੇਂ ਕਿ ਸੰਤ ਜੀ ਨੂੰ ਬਣਾਇਆ ਸੀ।

ਮੈਂ ਪੂਰੀ ਕੋਸ਼ਿਸ਼ ਕਰਕੇ ਉਹਨਾਂ ਦੀਆਂ ਕਵਿਤਾਵਾਂ ਨੂੰ ਸੰਗ੍ਰਹਿ ਕਰਨ ਦਾ ਉਪਰਾਲਾ ਕੀਤਾ ਹੈ ਪਰ ਇਹ ਮਾਮੂਲੀ ਤੇ ਸੌਖਾ ਕੰਮ ਨਹੀਂ ਸੀ। ਉਹਨਾਂ ਦੇ ਹੱਥ ਕੰਬਦੇ ਸਨ ਅਤੇ ਉਹਨਾਂ ਦੇ ਵਿਚਾਰ ਤੇਜ਼ ਚਲਦੇ ਸਨ ਤੇ ਹੱਥ ਪਿੱਛੜ ਜਾਂਦੇ ਸਨ। ਉਹ ਸਾਦੇ ਜਿਹੇ ਕਾਗਜ਼ ਤੇ ਪੈਂਸਿਲ ਨਾਲ ਲਿਖਦੇ ਸਨ ਜੋ ਲਿਖਤ ਕਿਤੇ ਕਿਤੇ ਪੜ੍ਹਨੀ ਬੜੀ ਔਖੀ ਹੈ। ਉਹ ਇਸ ਲਈ ਲਿਖਦੇ ਸਨ ਕਿਉਂਕਿ ਉਹਨਾਂ ਦੀ ਲਿਖਤ ਉਹਨਾਂ ਨੂੰ ਸੰਤੁਸ਼ਟ ਕਰਦੀ ਸੀ ਅਤੇ ਮਨ ਨੂੰ ਹੌਲਾ ਕਰਦੀ ਸੀ ਤਾਂ ਜੋ ਉਹ ਨਵੇਂ ਸਿਰਿਉਂ ਆਰੰਭ ਹੋ ਸਕਣ।

ਸਾਨੂੰ ਕਿਤੇ ਕਿਤੇ ਚੰਦ ਸ਼ਬਦ ਵੀ ਪਾਉਣੇ ਪਏ ਹਨ ਕਿਉਂਕਿ ਉਹ ਸਪਸ਼ਟ ਨਹੀਂ ਸਨ ਪਰ ਪੂਰੀ ਕੋਸ਼ਿਸ਼ ਕੀਤੀ ਹੈ ਕਿ ਕਿਤੇ ਵੀ ਵਿਚਾਰ ਨਾ ਬਦਲੋ। ਜੇ ਮੇਰੀ ਕੋਸ਼ਿਸ਼ ਅਸਫਲ ਰਹੀ ਹੋਵੇ ਤਾਂ ਕਿਰਪਾ ਕਰਕੇ ਮੈਨੂੰ ਖਿਮਾਂ ਕਰ ਦੇਣਾ। ਕਿਉਂਕਿ ਇਸ ਤੋਂ ਪਹਿਲਾਂ ਮੈਨੂੰ ਕਦੇ ਵੀ ਕੁਝ ਸੰਗ੍ਰਹਿ ਕਰਕੇ ਛਪਵਾਉਣ ਦਾ ਅਵਸਰ ਪ੍ਰਾਪਤ ਨਹੀਂ ਹੋਇਆ ਅਤੇ ਉਹ ਵੀ ਆਪਣੇ ਸਮੇਂ ਦੇ ਮਹਾਨ ਕਰਮਯੋਗੀ ਦੀਆਂ ਕਵਿਤਵਾਂ ਦਾ ਜਿਸਨੇ ਆਪਣਾ ਜੀਵਨ ਲੁਕਾਈ ਦੀਆਂ ਅੱਖਾਂ ਤੋਂ ਉਹਲੇ ਬਿਤਾਇਆ। ਉਹਨਾਂ ਇਕ ਅਜਿਹੀ ਸੁਗੰਧੀ ਖਿਲੇਰੀ ਜੋ ਸਦਾ ਸਦਾ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਖੁਸ਼ਬੂਆਂ ਦੇਂਦੀ ਰਹੇਗੀ।

ਇਸ ਤੋਂ ਵੀ ਵਧੇਰੇ ਇਹ ਪੁਸਤਕ ਉਹਨਾਂ ਦੀ ਸਥਾਈ ਯਾਦਗਾਰ ਬਣੇਗੀ। ਹੁਦ ਸਾਡੇ ਵਿਚੋਂ ਕੋਈ ਵੀ ਸੰਤ ਜੀ ਨੂੰ ਸਰੀਰਕ ਰੂਪ ਵਿਚ ਨਹੀਂ ਵੇਖ ਸਕੇਗਾ ਪਰੰਤੂ ਇਹ ਪੁਸਤਕ ਉਹਨਾਂ ਦੇ ਦਰਸ਼ਨ ਕਰਾਉਂਦੀ ਰਹੇਗੀ ਅਤੇ ਸਾਨੂੰ ਧੀਰਜ ਤੇ ਉਤਸ਼ਾਹ ਬਖਸ਼ਦੀ ਰਹੇਗੀ। ਇਹ ਸਾਨੂੰ ਪ੍ਰਭੂ ਨਾਲ ਜੋੜਨ ਦਾ ਇਕ ਵਸੀਲਾ ਵੀ ਬਣੇਗੀ ਜੋ ਮੁਕਤੀ ਪ੍ਰਾਪਤ ਦਾ ਇਕੋ ਇਕ ਰਸਤਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਫੁਰਮਾਇਆ ਹੈ,

"ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤਰ ਕਰੇਨਿ"

ਅਰਥਾਤ ਸਪੁੱਤਰ ਸਦਾ ਹੀ ਵਡੇਰਿਆਂ ਦੀਆਂ ਸਾਖੀਆਂ ਸੁਣਦੇ ਸੁਣਾਉਂਦੇ ਹਨ। ਇਹਨਾਂ ਕਵਿਤਾਵਾਂ ਨੂੰ ਗੁਣਗੁਣਾ ਕੇ ਅਸੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ ਤੇ ਵੀ ਚੱਲ ਸਕਾਂਗੇ।

ਸਾਡੇ ਸ਼ਾਸਤਰਾਂ ਨੇ ਤਿੰਨ ਰਿਣਾਂ ਦੀ ਗੱਲ ਆਖੀ ਹੈ ਜਿਹਨਾਂ ਵਿਚੋਂ ਇਕ ਹੈ 'ਪਿਤਰੀ ਰਿਣ' ਜਾਂ ਪਿਤਾ ਪਿਤਾਮਾ ਦਾ ਰਿਣ। ਇਹ ਯਾਦਗਾਰ ਕਿਸੇ ਹਦ ਤਕ ਇਸ ਕਰਜ਼ੇ ਤੋਂ ਮੁਕਤ ਹੋਣ ਦਾ ਇਕ ਨਿਮਾਣਾ ਜਿਹਾ ਸਾਧਨ ਬਣ ਜਾਵੇਗੀ ਅਤੇ ਅਸੀਂ ਹਸਦੇ ਹਸਦੇ ਪ੍ਰਭੂ ਵਿਚ ਲੀਨ ਹੋ ਸਕਾਂਗੇ।

ਮੈਂ ਆਪਣੇ ਮਿੱਤਰਾਂ ਸਰਬ ਸ੍ਰੀ ਨਰਿੰਦਰ ਪਾਲ, ਆਰ. ਪੀ. ਐੱਸ. ਗੁਲਾਟੀ ਅਤੇ ਡਾ. ਤ੍ਰਿਲੋਚਨ ਸਿੰਘ ਦਾ ਅਤਿ ਧੰਨਵਾਦੀ ਹਾਂ ਜਿਹਨਾਂ ਦੀ ਸੱਚੀ ਲਗਨ, ਉਤਸ਼ਾਹ ਅਤੇ ਅਣਥੱਕ ਮਿਹਨਤ ਦਾ ਸਦਕਾ ਇਸ ਪੁਸਤਕ ਨੂੰ ਸੰਪੂਰਨਤਾ ਪ੍ਰਾਪਤ ਹੋਈ ਹੈ। ਮੈਨੂੰ ਯਕੀਨ ਹੈ ਕਿ ਉਹਨਾਂ ਆਪ ਵੀ ਇਹਨਾਂ ਕਵਿਤਾਵਾਂ ਨੂੰ ਦ੍ਰਵਿਤ ਹਿਰਦੇ ਨਾਲ ਮਾਣਿਆ ਹੈ। (ਗੁੱਝੀਆਂ ਰਮਜ਼ਾਂ ਪੁਸਤਕ ਦਾ ਮੁੱਖ ਬੰਧ)

R-561, New Rajinder Nagar, Shanka Road, New Delhi-110060, E-mail : sigma@swigmacorporation.com

# ਭਲੋ ਭਲੋ ਰੇ ਕੀਰਤਨੀਆ

ਭਾਈ ਅਵਤਾਰ ਸਿੰਘ ਹੰਸ (ਪ੍ਰਿੰਸੀਪਲ)

ਪ੍ਰੋ: ਪਰਮਜੋਤ ਸਿੰਘ ਜੀ 'ਸਵਰ ਸਮੁੰਦ' ਗੁਰਮਤਿ ਸੰਗੀਤ ਵਿਚ ਸੂਖਮ ਨੀਝ ਤੇ ਸੂਝ ਰੱਖਣ ਵਾਲੇ ਮਹਾਨ ਸੰਗੀਤ ਅਚਾਰੀਆ ਪ੍ਰੋ: ਪਰਮਜੋਤ ਸਿੰਘ ਜੀ ਨਿਰਧਾਰਿਤ ਰਾਗਾਂ ਅਤੇ ਟਕਸਾਲੀ ਰੀਤਾਂ ਵਿਚ ਕੀਰਤਨ ਕਰਨ ਅਤੇ ਸਿਖਾਉਣ ਲਈ ਪ੍ਰਤੀਬੱਧ ਸਨ। ਗੁਰਮਤਿ ਸੰਗੀਤ ਨੂੰ ਪ੍ਰਚਾਰਣ, ਪ੍ਰਸਾਰਣ ਤੇ ਵਿਸਥਾਰਣ ਹਿੱਤ ਆਪ ਜੀ ਦਾ ਵਡਮੁੱਲਾ ਯੋਗਦਾਨ ਹੈ। ਪ੍ਰੋ: ਪਰਮਜੋਤ ਸਿੰਘ ਜੀ ਦਾ ਜਨਮ ਪ੍ਰਸਿੱਧ ਕੀਰਤਨੀਏ ਗਿਆਨੀ ਇੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਅਰਜਨ ਕੌਰ ਦੀ ਪਵਿੱਤਰ ਕੁੱਖੋਂ ਹੋਇਆ।

ਆਪ ਪੰਜ ਕੁ ਸਾਲ ਦੇ ਸਨ ਜਦੋਂ ਪਿਤਾ ਜੀ ਦੀ ਨਿੱਘੀ ਗੋਦ ਵਿਚ ਬੈਠ ਕੇ ਘੰਟਿਆਂ ਬੱਧੀ ਕੀਰਤਨ ਸਰਵਣ ਕਰਨ ਲੱਗੇ। ਲੱਗਭਗ ੮ ਸਾਲ ਦੀ ਬਾਲ ਅਵਸਥਾ ਵਿਚ ਪਿਤਾ ਜੀ ਪਾਸੋਂ ਗੁਰਬਾਣੀ ਕੀਰਤਨ ਸਿਖਣਾ ਆਰੰਭ ਕਰ ਦਿਤਾ ਸੀ।

ਪ੍ਰਸਿੱਧ ਸੰਗੀਤਕਾਰ ਮਾਸਟਰ ਦੇਸ ਰਾਜ ਜੀ ਪਾਸੋਂ ਨਿਯਮਿਤ ਰੂਪ ਵਿਚ ਆਪ ਜੀ ਨੇ ਸ਼ਾਸਤਰੀ ਸੰਗੀਤ ਦੀ ਤਾਲੀਮ ਪ੍ਰਾਪਤ ਕੀਤੀ । ਫਿਰ ਪਟਿਆਲਾ ਘਰਾਣੇ ਦੇ ਉਸਤਾਦ ਬਾਕਿਰ ਹੁਸੈਨ ਖ਼ਾਂ ਪੰਡਿਤ ਸੀਆ ਬਿਹਾਰੀ ਸ਼ਰਨ, ਪੰਡਿਤ ਵਿਨੈ ਚੰਦਰ ਮੋਦਗਿਲ, ਸ੍ਰੀ ਮਦਨ ਲਾਲ ਬਾਲੀ ਜੀ ਜਿਹੇ ਮਹਾਨ ਉਸਤਾਦਾਂ ਪਾਸੋਂ ਵੀ ਸੰਗੀਤਕ ਤਾਲੀਮ ਹਾਸਲ ਕਰਦੇ ਰਹੇ। ੧੦ ਕੁ ਵਰਿਆਂ ਦੇ ਪਰਮਜੋਤ ਸਿੰਘ ਗੁਰਮਤਿ ਰਾਗੀ ਸਭਾ ਲੁਧਿਆਣਾ ਦੇ ਸਲਾਨਾ ਸਮਾਗਮਾਂ ਵਿਚ ਕੀਰਤਨ ਕਰਨ ਲੱਗ ਪਏ। ਉਸ ਵਕਤ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਪੰਥ ਪ੍ਰਸਿੱਧ ਕੀਰਤਨੀਏ ਸਨ। ਭਾਈ ਸਾਹਿਬ ਜੀ ਦੀ ਗਾਇਕੀ ਤੋਂ ਆਪ ਜੀ ਬੇ-ਹੱਦ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਉਸਤਾਦ ਧਾਰਨ ਕੀਤਾ। ਆਪ ਜੀ ਉਨ੍ਹਾਂ ਦੇ ਲਾਡਲੇ ਸ਼ਗਿਰਦ ਸਨ। ਭਾਈ ਸਾਹਿਬ ਦੀ ਗਾਇਨ ਸ਼ੈਲੀ ਨੂੰ ਆਪ ਜੀ ਨੇ ਆਪਣੇ ਧੁਰ ਅੰਦਰ ਤੱਕ ਵਸਾਇਆ। ਪ੍ਰਚਾਰ, ਪ੍ਰਸਾਰ ਤੇ ਸੰਭਾਲ ਲਈ ਸੁਯੋਗ ਯਤਨ ਕੀਤੇ। ਜੂਨ ੨੦੧੧ ਵਿਚ ਆਪ ਜੀ ਨੇ ਭਾਈ ਸਮੁੰਦ ਸਿੰਘ ਦੁਆਰਾ ਗਾਇਨ ਕੀਤੀਆਂ ੨੫੦ ਦੇ ਲੱਗਭਗ ਸ਼ਬਦ ਰੀਤਾਂ ਨੂੰ ਸੁਰ ਲਿਪੀਬੱਧ ਕਰ ਕੇ 'ਸਮੁੰਦ ਸਾਗਰ' ਨਾਮਕ ਪੁਸਤਕ ਛਪਵਾਈ।

ਪੰਜਾਬ ਸਿੰਧ ਬੈਂਕ ਜਲੰਧਰ ਵਲੋਂ ਸਥਾਪਿਤ ਡਿਵੋਸ਼ਨਲ ਮਿਊਜ਼ਿਕ ਆਰਕਾਈਵਜ਼ ਵਿਚ ਪ੍ਰੋ: ਸਾਹਿਬ ਜੀ ਨੇ ਲੱਗਭਗ ੧੨ ਸਾਲ ਵਡਮੁੱਲੀਆਂ ਸੇਵਾਵਾਂ ਨਿਭਾਅ ਕੇ ਗੁਰਮਤਿ ਸੰਗੀਤ ਵਿਰਸੇ ਦੀ ਅਧੁਨਿਕ ਢੰਗ ਨਾਲ ਸੰਭਾਲ ਕੀਤੀ।

ਜਵੱਦੀ ਟਕਸਾਲ ਵਲੋਂ ਸਥਾਪਿਤ ਰਾਗ ਸਰੂਪ ਨਿਰਣਾਇਕ ਕਮੇਟੀ ਦੇ ਆਪ ਪ੍ਰਮੁੱਖ ਮੈਂਬਰ ਸਨ।

ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਆਪ ਜੀ ਡਾਇਰੈਕਟਰ ਸਨ।

ਪਿਛਲੇ ਸਮੇਂ ਵਿਚ ਸੁਕ੍ਰਿਤ ਟਰੱਸਟ ਵਲੋਂ ਸਥਾਪਤ ਸਵੱਰ-ਸਮੁੰਦ ਕੀਰਤਨ ਅਕੈਡਮੀ ਵਿਚ ਕੀਰਤਨ ਸਿਖਾਉਣ ਦੀ ਸੇਵਾ ਨਿਭਾਉਂਦੇ ਰਹੇ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਸਥਾਪਿਤ ਕਰਕੇ ਆਪ ਜੀ ਨੂੰ ਆਨਰੇਰੀ ਪ੍ਰਿੰਸੀਪਲ ਨਿਯੁਕਤ ਕਰਕੇ ਸੰਗੀਤਕ ਸੇਵਾਵਾਂ ਲਈਆਂ। ਮੁੱਲਾਂਪੁਰ ਵਿਖੇ ਵੀ 'ਸਵੱਰ ਸਮੁੰਦ ਕੀਰਤਨ ਅਕੈਡਮੀ' ਚਲਾ ਕੇ ਨਿਸ਼ਕਾਮ ਸੇਵਾ ਨਿਭਾਉਂਦੇ ਰਹੇ।

੧੯੮੯ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਭਾਈ ਸਮੁੰਦ ਸਿੰਘ ਐਵਾਰਡ

੧੯੯੧ ਵਿਚ ਸਾਂਈ ਮੀਆਂ ਮੀਰ ਮੈਮੋਰੀਅਲ ਵਲੋਂ ਭਾਈ ਸਮੁੰਦ ਸਿੰਘ ਯਾਦਗਰੀ ਐਵਾਰਡ

ਗੁਰਮਤਿ ਸੰਗੀਤ ਸਿਖਿਆਰਥੀਆਂ ਲਈ ਅਤਿ ਸੁਖੈਨ ਸ਼ੈਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ੩੧ ਰਾਗਾਂ ਦੀਆਂ ਸਵਰ ਲਿਪੀਆਂ ਤਿਆਰ ਕਰ ਕੇ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ ਪ੍ਰਮੁੱਖ ਪੁਸਤਕਾਂ ਇਸ ਤਰ੍ਹਾਂ ਹਨ

(੧) ਸਵੱਰ ਸਮੁੰਦ ਜੀਵਨੀ ਝਾਤ ਭਾਈ ਸਮੁੰਦ ਸਿੰਘ ਜੀ, (੨) ਕਿਨ ਬਿਧ ਕੀਰਤਨ ਗਾਇ ਜੀਉ, (੩) ਸਹਿਜ ਧੁਨ (੩੧ ਰਾਗਾਂ ਤੇ ਅਧਾਰਿਤ), (੪) ਸਵਰ ਸਮੁੰਦ (ਸ਼ਬਦ ਰੀਤ ਰਤਨਾਵਲੀ), (੫) ਗਉੜੀ ਰਾਗ ਸੁਲਖਣੀ, (੬) ਸਮੁੰਦ ਸਾਗਰ (ਭਾਈ ਸਮੁੰਦ ਸਿੰਘ ਜੀ ਦੀਆਂ ਸ਼ਬਦ ਰੀਤਾਂ ਦਾ ਸੰਗ੍ਰਹਿ), (੭) ਹਰਿ ਕੀਰਤਨ ਮਹਿ ਊਤਮ ਧੁਨਾ (ਗਿਆਨੀ ਇੰਦਰ ਸਿੰਘ ਦੀਆਂ ਸ਼ਬਦ ਰੀਤਾਂ)

ਆਪ ਜੀ ਦੀ ਮਧੁਰ ਅਵਾਜ਼ ਵਿਚ ਕਈ ਆਡੀਓ, ਵੀ.ਡੀ.ਓ. ਸੀ.ਡੀਜ਼ ਉਪਲਬਧ ਹਨ। ਇਸ ਤੋਂ ਇਲਾਵਾ ਵਿਸਮਾਦੁ ਨਾਦ ਜਵੱਦੀ ਟਕਸਾਲ ਵਲੋਂ ਵੀ ਗੁਰਮਤਿ ਸੰਗੀਤ ਸੰਮੇਲਨ ਵਿਚ ਹਿੱਸਾ ਲੈਂਦੇ ਹੋਏ ਆਪ ਜੀ ਦੀਆਂ ਕਈ ਵੀਡਿਓ ਸੀ.ਡੀਜ਼ ਮਿਲਦੀਆਂ ਹਨ, ਜੋ ਗੁਰਮਤਿ ਸੰਗੀਤ ਦਾ ਅਨਮੋਲ ਖ਼ਜ਼ਾਨਾ ਹੈ। ਸਾਰੀ ਉਮਰ ਗੁਰਮਤਿ ਸੰਗੀਤ ਨੂੰ ਸਮਰਪਿਤ ਰਹਿੰਦਿਆਂ ਅੰਤ ਆਪ ਜੀ ੯ ਅਪ੍ਰੈਲ ੨੦੧੪ ਨੂੰ ਕੀਰਤਨ ਪ੍ਰੇਮੀਆਂ ਨੂੰ ਸਦੀਵੀ ਵਿਛੋੜਾ ਦੇ ਕੇ ਪ੍ਰਭੂ ਚਰਣਾਂ ਵਿਚ ਜਾ ਬਿਰਾਜੇ। ਰਹਿੰਦੀ ਦੁਨੀਆ ਤੱਕ ਗੁਰਮਤਿ ਸੰਗੀਤ ਦੇ ਇਸ ਅਨਮੋਲ ਰਤਨ ਦੀ ਸਾਨੂੰ ਲੋੜ ਮਹਿਸੂਸ ਹੁੰਦੀ ਰਹੇਗੀ।

ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ ਮਸਤੂਆਣਾ ਸਾਹਿਬ (ਸੰਗਰੂਰ)


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਅਜ਼ੀਮ ਗਾਇਕ - ਮੰਨਾ ਡੇ

## ਅਮਰਿੰਦਰ ਸਿੰਘ

ਹਿੰਦੀ ਫ਼ਿਲਮ ਸਨਅਤ ਵਿਚ ਅਜਿਹੇ ਗਾਇਕ ਵਿਰਲੇ ਹੀ ਹੋਏ ਹਨ ਜਿਹਨਾਂ ਨੂੰ ਹਰ ਸ਼ੈਲੀ, ਹਰ ਮੂਡ ਦੇ ਗੀਤ ਗਾਉਣ ਵਿਚ ਖਾਸ ਮੁਹਾਰਥ ਹਾਸਿਲ ਹੋਵੇ। ਇਹਨਾਂ ਵਿਰਲੇ ਗਾਇਕਾਂ ਵਿਚੋਂ ਮੰਨਾ ਡੇ ਇਕ ਸਿਰਮੌਰ ਗਾਇਕ ਸਨ। ਅਥਾਹ ਦੀ ਕਾਬਲੀਅਤ ਅਤੇ ਮਧੁਰ ਕੰਠ ਹੋਣ ਦੇ ਬਾਵਜੂਦ ਵੀ ਮੰਨਾ ਡੇ ਨੂੰ ਆਪਣੀ ਸੁਤੰਤਰ ਪਛਾਣ ਬਣਾਉਣ ਲਈ ਬੜੀ ਘਾਲਣਾ ਘਾਲਣੀ ਪਈ। ਇਹਨਾਂ ਨੇ ਜਿਸ ਦੌਰ ਵਿਚ ਹਿੰਦੀ ਫ਼ਿਲਮ ਇੰਡਸਟਰੀ ਵਿਚ ਪੈਰ ਧਰਿਆ ਉਦੋਂ ਫ਼ਿਲਮ ਸੰਗੀਤ, ਸ਼ਾਸਤਰੀ ਬੰਧੇਜਾਂ ਤੋਂ ਮੁਕਤ ਹੁੰਦਾ ਹੋਇਆ ਸੁਗਮਤਾਂ ਦਾ ਚੋਲਾ ਪਾ ਰਿਹਾ ਸੀ। ਹਿੰਦੀ ਫ਼ਿਲਮਾਂ ਵਿਚ ਸੁਗਮ ਸੰਗੀਤ ਅਤੇ ਲੋਕ ਸੰਗੀਤ ਦਾ ਪ੍ਰਯੋਗ ਇਸ ਸਮੇਂ ਹੀ ਵਧਣਾ ਸ਼ੁਰੂ ਹੋਇਆ। ਮੰਨਾ ਡੇ ਨੂੰ ਸ਼ਾਸਤਰੀ-ਸੰਗੀਤ ਵਿਚ ਖਾਸ ਮੁਹਾਰਤ ਹਾਸਿਲ ਸੀ ਜਿਸ ਕਾਰਨ ਇਹਨਾਂ ਨੂੰ ਆਪਣੇ ਆਰੰਭਿਕ ਸਮੇਂ ਧਾਰਮਿਕ ਅਤੇ ਪੌਰਾਣਿਕ ਫ਼ਿਲਮਾਂ ਵਿਚ ਗਾਉਂਣ ਦਾ ਮੌਕਾ ਜ਼ਿਆਦਾ ਮਿਲਦਾ ਰਿਹਾ। ਅਜਿਹੀਆਂ ਫ਼ਿਲਮਾਂ ਜਿਵੇਂ 'ਰਾਮਰਾਜਯ' (1943), ਅਤੇ 'ਪ੍ਰਭੂ ਕਾ ਘਰ' (1945) ਆਦਿ ਫ਼ਿਲਮਾਂ ਦੇ ਗੀਤ ਗਾਉਂਦਿਆਂ ਮੰਨਾ ਡੇ 'ਤੇ ਕੇਵਲ ਅਰਧ-ਸ਼ਾਸਤਰੀ ਅਤੇ ਭਜਨ ਸ਼ੈਲੀ ਦੇ ਵਿਸ਼ੇਸ਼ ਗਾਇਕ ਦਾ ਲੇਬਲ ਹੀ ਲੱਗਿਆ ਰਿਹਾ। ਮੰਨਾ ਡੇ ਦੇ ਆਰੰਭਿਕ ਸਮੇਂ ਵਿਚ ਸੰਗੀਤਕਾਰਾਂ ਨੇ ਕੇਵਲ ਇਸ ਸ਼ੈਲੀ ਵਿਸ਼ੇਸ਼ ਦੇ ਗੀਤਾਂ ਲਈ ਹੀ ਇਹਨਾਂ ਨੂੰ ਚੁਣਿਆ। ਸਮਾਂ ਬਦਲਿਆਂ ਅਤੇ ਸੰਗੀਤਕਾਰਾਂ ਨੇ ਮੰਨਾ ਡੇ ਦੀ ਬਹੁਪੱਖੀ ਪ੍ਰਤਿਭਾ ਨੂੰ ਪਛਾਣਦਿਆਂ ਇਹਨਾਂ ਦੀ ਆਵਾਜ਼ ਨਾਲ ਸਫ਼ਲ ਪ੍ਰਯੋਗ ਕੀਤੇ। ਮੰਨਾ ਡੇ ਨੇ ਤਕਰੀਬਨ ਹਰੇਕ ਸੰਗੀਤਕਾਰ ਲਈ ਅਰਧ-ਸ਼ਾਸਤਰੀ, ਸੁਗਮ, ਅਤੇ ਕਵਾਲੀ, ਆਦਿ ਸ਼ੈਲੀ 'ਤੇ ਆਧਾਰਤ ਗੀਤ ਗਾਏ ਹਨ। ਜੇਕਰ ਇਹ ਕਿਹਾ ਜਾਵੇ ਕਿ ਆਪਣੇ ਦੌਰ ਵਿਚ ਕੇਵਲ ਮੰਨਾ ਡੇ ਨੇ ਹੀ ਅਰਧ-ਸ਼ਾਸਤਰੀ ਸ਼ੈਲੀ ਨੂੰ ਹਿੰਦੀ ਫ਼ਿਲਮਾਂ ਵਿਚ ਜਿਉਂਦਾ ਰੱਖਿਆ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ। ਚਾਹੇ ਇਹਨਾਂ ਤੋਂ ਇਲਾਵਾ ਮੁਹੰਮਦ ਰਫ਼ੀ ਅਤੇ ਤਲਤ ਮਹਿਮੂਦ ਆਦਿ ਗਾਇਕਾਂ ਨੇ ਵੀ ਅਰਧ-ਸ਼ਾਸਤਰੀ ਸ਼ੈਲੀ ਵਿਚ ਕਈ ਗੀਤ ਗਾਏ ਪਰ ਜਿਸ ਸ਼ਿੱਦਤ ਅਤੇ ਗਹਿਰਾਈ ਨਾਲ ਮੰਨਾ ਡੇ ਨੇ ਗਾਇਆ ਉਸ ਦਾ ਹੁਣ ਤੱਕ ਕੋਈ ਸਾਨੀ ਨਹੀਂ। ਮੰਨਾ ਡੇ ਦੀ ਅਵਾਜ਼ ਦਾ ਧਰਮ ਜ਼ਿਆਦਤਰ ਅਦਾਕਾਰ ਮਹਿਮੂਦ ਨੂੰ ਹੀ ਸੋਭਦਾ ਸੀ। ਮੰਨਾ ਡੇ ਕਿਸੇ ਹੋਰ ਅਦਾਕਾਰ ਲਈ ਇਸ ਤਰ੍ਹਾਂ ਪ੍ਰਤੀਬੱਧ ਨਾ ਹੋ ਸਕੇ ਜਿਵੇਂ ਇਹਨਾਂ ਦੇ ਸਮਕਾਲੀ ਗਾਇਕਾਂ ਵਿਚੋਂ ਮੁਹੰਮਦ ਰਫ਼ੀ, ਦਲੀਪ ਕੁਮਾਰ, ਸ਼ਮੀ ਕਪੂਰ ਲਈ ਹੋਏ, ਗਾਇਕ ਮੁਕੇਸ਼, ਰਾਜ ਕਪੂਰ ਲਈ ਅਤੇ ਜਿਵੇਂ ਕਿਸ਼ੋਰ ਕੁਮਾਰ ਨੇ ਆਖੀਰ ਤੱਕ ਸੰਜੀਵ ਕੁਮਾਰ, ਰਾਜੇਸ਼ ਖੰਨਾ ਅਤੇ ਅਮਿਤਾਬ ਬੱਚਨ ਆਦਿ ਅਦਾਕਾਰਾਂ ਲਈ ਗੀਤ ਗਾਏ। ਲੇਕਿਨ ਮੰਨਾ ਡੇ ਨੇ ਜਦੋਂ ਵੀ ਕਿਸੇ ਅਦਾਕਾਰਾਂ ਨੂੰ ਆਪਣੀ ਅਵਾਜ਼ ਦਿੱਤੀ ਤਾਂ ਵਾਹ-ਵਾਹ ਹੀ ਖੱਟੀ ਹੈ।

ਮੰਨਾ ਡੇ ਦਾ ਜਨਮ ਕਲਕੱਤਾ ਦੇ ਇਕ ਬੰਗਾਲੀ ਪਰਿਵਾਰ ਵਿਚ 1 ਮਈ, 1919 ਨੂੰ ਹੋਇਆ। ਮੰਨਾ ਡੇ ਦਾ ਅਸਲ ਨਾਂ ਪ੍ਰਬੋਧਚੰਦ ਡੇ ਸੀ। ਇਹਨਾਂ ਦੇ ਪਿਤਾ ਪੂਰਨ ਚੰਦ ਡੇ ਅਤੇ ਮਾਤਾ ਮਹਾਂਮਾਇਆ ਡੇ ਨੇ ਆਪਣੇ ਪੁੱਤਰ ਨੂੰ ਵਕੀਲ ਬਣਾਉਣ ਦਾ ਸੁਪਨਾ ਲਿਆ ਸੀ ਪਰ ਮੰਨਾ ਡੇ ਦਾ ਮੁਕੱਦਰ ਇਹਨਾਂ ਨੂੰ ਇਸ ਤਰ੍ਹਾਂ ਫ਼ਿਲਮ ਇੰਡਸਟਰੀ ਲੈ ਆਇਆ ਕਿ ਇਹਨਾਂ ਦੇ ਚਾਚਾ ਕ੍ਰਿਸ਼ਨ ਚੰਦਰ ਡੇ ਦੀਆਂ ਅੱਖਾਂ ਦੀ ਰੌਸ਼ਨੀ 13 ਵਰ੍ਹਿਆਂ ਦੀ ਉਮਰ ਵਿਚ ਚੱਲੀ

ਗਈ ਸੀ। ਮੰਨਾ ਡੇ ਆਪਣੀ ਹੋਸ਼ ਸੰਭਾਲਦਿਆਂ ਹੀ ਆਪਣੇ ਚਾਚਾ ਜੋ ਕਿ ਉਸ ਸਮੇਂ ਇੰਡਸਟਰੀ ਦੇ ਸਥਾਪਿਤ ਸੰਗੀਤਕਾਰ ਸਨ, ਦੇ ਸੰਗੀ ਹੋ ਗਏ। ਇਸ ਕਾਰਨ ਮੰਨਾ ਡੇ ਨੂੰ ਵੀ ਹਿੰਦੀ ਫ਼ਿਲਮ ਇੰਡਸਟਰੀ ਵਿਚ ਇਕ ਗਾਇਕ ਵਜੋਂ ਸਥਾਪਿਤ ਹੋਣ ਦੀ ਚੇਟਕ ਲੱਗ ਗਈ। ਮੰਨਾ ਡੇ ਦੀ ਸੰਗੀਤ ਵਿਚ ਰੁਚੀ ਦੇਖਦੇ ਹੋਏ ਕੇ. ਸੀ. ਡੇ ਨੇ ਇਹਨਾਂ ਨੂੰ ਆਪ ਸੰਗੀਤ ਦੀ ਮੁੱਢਲੀ ਤਾਲਿਮ ਦੇਣੀ ਸ਼ੁਰੂਕੀਤੀ ਅਤੇ ਇਸ ਉਪਰੰਤ ਉਸਤਾਦ ਦਬੀਰ ਖ਼ਾਂ, ਪੰ. ਤੁਲਸੀਦਾਸ, ਗੁਲਾਮ ਮੁਸਤਫ਼ਾ ਖ਼ਾਂ, ਅਬਦੁੱਲ ਰਹਿਮਾਨ ਖ਼ਾਂ, ਅਤੇ ਉਸਤਾਦ ਅਮਾਨ ਅਲੀ ਖ਼ਾਂ ਦੀ ਸ਼ਾਗਿਰਦੀ ਵੀ ਕਰਵਾਈ।

ਮੰਨਾ ਡੇ ਨੂੰ ਹਿੰਦੀ ਫ਼ਿਲਮਾਂ ਵਿਚ ਗਾਉਣ ਦਾ ਸਭ ਤੋਂ ਪਹਿਲਾ ਮੌਕਾ ਫ਼ਿਲਮ ਤਮੰਨਾ (1942) ਵਿਚ ਮਿਲਿਆ, ਜਿਸ ਵਿਚ ਇਹਨਾਂ ਨੇ ਗਾਇਕਾ ਸੁਰਈਆ ਨਾਲ ਇਕ ਯੁਗਲ ਗੀਤ 'ਜਾਗ ਆਈ ਉਸ਼ਾ' ਗਾਇਆ। ਇਸ ਤੋਂ ਬਾਅਦ ਮੰਨਾ ਡੇ ਨੇ ਫ਼ਿਲਮ 'ਰਾਮਰਾਜਯ' (1943) ਵਿਚ ਐਸੇ ਅਸਰਦਾਰ ਧਾਰਮਿਕ ਗੀਤ ਗਾਏ ਕਿ ਆਉਣ ਵਾਲੇ ਸਮੇਂ (1943-50) ਤੱਕ ਇਹਨਾਂ ਨੂੰ ਜ਼ਿਆਦਤਰ ਧਾਰਮਿਕ ਅਤੇ ਪੌਰਾਣਿਕ ਫ਼ਿਲਮਾਂ ਜਿਵੇਂ 'ਮਹਾਕਵੀ ਕਾਲੀਦਾਸ' (1944), 'ਵਿਕਰਮਾਦਿਤ' (1945), 'ਪ੍ਰਭੂ ਕਾ ਘਰ' (1946), 'ਗੀਤ ਗੋਬਿੰਦ' (1947), 'ਜੈ ਹਨੁਮਾਨ' (1948), 'ਰਾਮ ਵਿਵਾਹ' (1949) ਅਤੇ 'ਭਗਵਾਨ ਕ੍ਰਿਸ਼ਨ' (1950) ਆਦਿ ਵਿਚ ਹੀ ਗਾਉਣ ਦਾ ਮੌਕਾ ਮਿਲਦਾ ਰਿਹਾ। ਐਨੀਆਂ ਫ਼ਿਲਮਾਂ ਵਿਚ ਗਾਉਣ ਤੋਂ ਬਾਅਦ ਵੀ ਇਹਨਾਂ ਦੀ ਅਜੇ ਤੱਕ ਕੋਈ ਸੁਤੰਤਰ ਪਛਾਣ ਨਹੀਂ ਬਣ ਸਕੀ ਸੀ। ਦਰਅਸਲ ਮੰਨਾ ਡੇ ਨੂੰ ਇਸ ਸਮੇਂ ਤੱਕ ਅਜਿਹੇ ਗੀਤ ਮਿਲਦੇ ਰਹੇ ਜਿਹਨਾਂ ਨੂੰ ਉਸ ਸਮੇਂ ਦੇ ਗਾਇਕ ਜਾਂ ਤਾਂ ਗਾਉਣ ਲਈ ਤਿਆਰ ਨਹੀਂ ਹੁੰਦੇ ਸਨ ਅਤੇ ਜਾਂ ਫੇਰ ਇਹਨਾਂ ਗੀਤਾਂ ਦੀ ਸ਼ਬਦਾਵਲੀ ਬੇਹੱਦ ਕਠਿਨ ਹੁੰਦੀ ਸੀ। ਦੇਖਿਆ ਜਾਏ ਤਾਂ ਮੰਨਾ ਡੇ ਐਸੀ ਪ੍ਰਤਿਭਾ ਦੇ ਮਾਲਿਕ ਸਨ ਕਿ ਅਜਿਹੇ ਔਖੇ ਗੀਤ ਵੀ ਇਹ ਬੇਹੱਦ ਸੁਲਭ ਤਰੀਕੇ ਨਾਲ ਨਿਭਾ ਜਾਂਦੇ ਸਨ ।

ਐਨਾ ਸਮਾਂ ਕਰੜਾ ਸੰਘਰਸ਼ ਕਰਨ ਤੋਂ ਬਾਅਦ ਮੰਨਾ ਡੇ ਕਿਸਮਤ ਦਾ ਸਿਤਾਰਾ ਫ਼ਿਲਮ 'ਮਸ਼ਾਲ' (1950) ਤੋਂ ਚਮਕਿਆ। ਇਸ ਫ਼ਿਲਮ ਦਾ ਸੰਗੀਤ ਸਚਿਨ ਦੇਵ ਬਰਮਨ ਨੇ ਤਿਆਰ ਕੀਤਾ ਅਤੇ ਮੰਨਾ ਡੇ ਨੇ ਇਸ ਵਿਚ 'ਉਪਰ ਗਗਨ ਵਿਸ਼ਾਲ, ਨੀਚੇ ਗਹਿਰਾ ਪਾਤਾਲ' ਗੀਤ ਗਾਇਆ। ਇਸ ਗੀਤ ਨੇ ਮੰਨਾ ਡੇ ਕਰੀਅਰ ਵਿਚ ਇਕ ਮੋੜ ਲਿਆਂਦਾ। ਇਸ ਗੀਤ ਦੀ ਅਪਾਰ ਸਫਲਤਾ ਨੇ ਮੰਨਾ ਡੇ ਪ੍ਰਤੀ ਬਣੀ ਇਸ ਧਾਰਨਾ ਦਾ ਖੰਡਨ ਕਰ ਦਿੱਤਾ ਕਿ ਇਹ ਕੇਵਲ ਧਾਰਮਿਕ ਫ਼ਿਲਮਾਂ ਦੇ ਗੀਤ ਹੀ ਗਾ ਸਕਦੇ ਹਨ। ਇਸ ਗੀਤ ਨੇ ਮੰਨਾ ਡੇ ਨੂੰ ਉਹ ਦਰਜਾ ਦਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਦੇ ਉਹ ਕਾਫੀ ਸਮਾਂ ਪਹਿਲਾਂ ਤੋਂ ਹੱਕਦਾਰ ਸਨ। ਜਦੋਂ ਮਨਾ ਡੇ ਹਿੰਦੀ ਫ਼ਿਲਮ ਇੰਡਸਟਰੀ ਵਿਚ ਸਰਗਰਮ ਹੋ ਗਏ ਤਾਂ ਕੇ.ਸੀ.ਡੇ ਨੇ ਇਹਨਾਂ ਦਾ ਨਾਂ 'ਪ੍ਰਬੋਧਚੰਦ ਡੇ' ਤੋਂ ਬਦਲ ਕੇ 'ਮੰਨਾ ਡੇ' ਰੱਖ ਦਿੱਤਾ ਸੀ। ਇਹਨਾਂ ਦੇ ਆਰੰਭਿਕ ਦੌਰ ਦੇ ਕਈ ਰਿਕਾਰਡਾਂ 'ਤੇ ਪ੍ਰਬੋਧਚੰਦ ਨਾਂ ਉਪਲੱਬਧ ਹੁੰਦਾ ਹੈ।

ਸੰਗੀਤਕਾਰ ਸ਼ੰਕਰ-ਜੈਕਿਸ਼ਨ ਦਾ ਮੰਨਾ ਡੇ ਪ੍ਰਤੀ ਨਜ਼ਿਰੀਆਂ ਕੁਝ ਵੱਖਰਾ ਸੀ। ਇਹਨਾਂ ਨੇ ਮੰਨਾ ਡੇ ਦੀ ਪ੍ਰਤਿਭਾ ਨੂੰ ਪਛਾਣਦੇ ਹੋਏ ਇਹਨਾਂ ਦੀ ਅਵਾਜ਼ ਦਾ ਵਿਸ਼ੇਸ਼ ਪ੍ਰਯੋਗ ਕੀਤਾ। ਮੰਨਾ ਡੇ ਨੂੰ ਇਕ ਸੁਤੰਤਰ ਪਛਾਣ ਦਵਾਉਣ ਵਿਚ ਸ਼ੰਕਰ-ਜੈਕਿਸ਼ਨ ਦੀ ਵੀ ਵਿਸ਼ੇਸ਼ ਭੂਮਿਕਾ ਰਹੀ ਹੈ। ਸ਼ੰਕਰ-ਜੈਕਿਸ਼ਨ ਅਦਾਕਾਰ ਰਾਜ ਕਪੂਰ ਲਈ ਮੰਨਾ ਡੇ ਦੀ ਅਵਾਜ਼ ਨੂੰ ਢੁਕਵਾਂ ਮੰਨਦੇ ਸਨ ਪਰ ਰਾਜ ਕਪੂਰ ਦਾ ਜ਼ਿਆਦਾ ਝੁਕਾਅ ਗਾਇਕ ਮੁਕੇਸ਼ ਕੁਮਾਰ ਵੱਲ ਸੀ। ਫੇਰ ਵੀ ਸ਼ੰਕਰ-ਜੈਕਿਸ਼ਨ ਨੇ ਰਾਜ ਕਪੂਰ ਦੇ 'ਪਿਆਰ ਹੁਆ ਇਕਰਾਰ ਹੁਆ', 'ਦਿਲ ਕਾ ਹਾਲ ਸੁਨੇ ਦਿਲਵਾਲਾ' (ਸ਼੍ਰੀ 420), 'ਯੇ ਰਾਤ ਭੀਗੀ ਭੀਗੀ', 'ਆਜਾ ਸਨਮ ਮਧੁਰ ਚਾਂਦਨੀ ਮੇਂ ਹਮ' (ਚੋਰੀ ਚੋਰੀ) ਅਤੇ 'ਏ ਭਾਈ ਜ਼ਰਾ ਦੇਖ ਕੇ ਚਲੋ' (ਮੇਰਾ ਨਾਮ ਜੋਕਰ) ਆਦਿ ਗੀਤਾਂ ਲਈ ਮੰਨਾ ਡੇ ਨੂੰ ਹੀ ਚੁਣਿਆ। ਇਥੇ ਇਹ ਵੀ ਧਿਆਨ ਦੇਣਯੋਗ ਹੈ ਕਿ ਚਾਹੇ ਮੰਨਾ ਡੇ ਦੀ ਸ਼ੈਲੀ ਅਰਧ-ਸ਼ਾਸਤਰੀ ਸੀ ਪਰ ਇਸ ਤਰ੍ਹਾਂ ਦੇ ਗੀਤ ਗਾ ਕੇ ਮੰਨਾ ਡੇ ਨੇ ਇਹ ਸਾਬਿਤ ਕਰ ਦਿੱਤਾ ਕਿ ਉਹ ਆਪਣੀ ਸ਼ੈਲੀ ਵਿਸ਼ੇਸ਼ ਤੋਂ ਹੱਟ ਕੇ ਸੁਗਮ ਸ਼ੈਲੀ ਦੇ ਗੀਤ ਵੀ ਬੜੀ ਸੁਲਭਤਾ ਨਾਲ ਗਾ ਸਕਦਾ ਹੈ।

ਮੰਨਾ ਡੇ ਸ਼ਾਸਤਰੀ ਸੰਗੀਤ ਦੀ ਪਕੇਰੀ ਸਮਝ ਰੱਖਣ ਵਾਲੇ ਗਾਇਕਾਂ ਵਿਚੋਂ ਸਨ। ਬੁਲੰਦ ਅਵਾਜ਼, ਤਿੰਨੋ ਸਪਤਕਾਂ ਵਿਚ ਫਿਰਤ ਅਤੇ ਗਲੇ ਦੀਆਂ ਸੂਖਮ ਹਰਕਤਾਂ ਆਦਿ ਇਹਨਾਂ ਦੀ ਅਵਾਜ਼ ਦੇ ਮੌਲਿਕ ਗੁਣ ਸਨ। ਫ਼ਿਲਮਸਾਜ਼ ਮੰਨਾ ਡੇ ਦੇ ਇਹਨਾਂ ਗੁਣਾਂ ਤੋਂ ਬੇਹੱਦ ਪ੍ਰਭਾਵਿਤ ਸਨ ਅਤੇ 'ਕੌਨ ਆਇਆ ਮੇਰੇ ਮਨ ਕੇ ਦੁਆਰੇ' (ਦੇਖ ਕਬੀਰਾ ਰੋਇਆ - 1957), 'ਪ੍ਰੀਤਮ ਦਰਸ ਦਿਖਾਉ' (ਚਾਚਾ ਜ਼ਿੰਦਾਬਾਦ - 1959), 'ਪੂਛੋ ਨਾ ਕੈਸੇ ਮੈਨੇ ਰੈਨ ਬਿਤਾਈ' (ਮੇਰੀ ਸੂਰਤ ਤੇਰੀ ਆਂਖੇ - 1963), 'ਲਾਗਾ ਚੁਨਰੀ ਮੇਂ ਦਾਗ' (ਦਿਲ ਹੀ ਤੋ ਹੈ - 1963), 'ਫੁੱਲ ਗੇਂਦਵਾ ਨਾ ਮਾਰੋ' (ਦੂਜ ਕਾ ਚਾਂਦ - 1964), 'ਝਨਕ ਝਨਕ ਤੋਰੀ ਬਾਜੇ ਪਾਇਲੀਆ' (ਮੇਰੇ ਹਜ਼ੂਰ - 1968) ਅਤੇ 'ਛਮ ਛਮ ਬਾਜੇ ਰੇ ਪਾਇਲੀਆ' (ਜਾਨੇ ਅੰਜਾਨੇ - 1971) ਆਦਿ ਅਰਧ-ਸ਼ਾਸਤਰੀ ਸ਼ੈਲੀ 'ਤੇ ਅਧਾਰਿਤ ਅਜਿਹੇ ਕਈ ਗੀਤ ਗਵਾਏ ਜਿਹਨਾਂ ਨੂੰ ਕੇਵਲ ਤੇ ਕੇਵਲ ਮੰਨਾ ਡੇ ਹੀ ਹੱਥ ਪਾ ਸਕਦਾ ਸੀ। ਨਿਰੋਲ ਅਰਧ-ਸ਼ਾਸਰਤੀ ਸ਼ੈਲੀ 'ਤੇ ਅਧਾਰਿਤ ਇਹਨਾਂ ਗੀਤਾਂ ਨੂੰ ਮੰਨਾ ਡੇ ਦੀ ਕਾਬਲੀਅਤ ਨੂੰ ਦੇਖਦੇ ਹੋਏ ਹੀ ਸੁਰਬੱਧ ਕੀਤਾ ਗਿਆ ਸੀ। ਹਿੰਦੀ ਫ਼ਿਲਮ ਸੰਗੀਤ ਦੇ ਇਸ ਸਮੇਂ ਨੂੰ ਸੁਨਹਿਰੀ ਸਾਬਤ ਕਰਨ ਵਿਚ ਮੰਨਾ ਡੇ ਦੇ ਗੀਤਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ।

ਮੰਨਾ ਡੇ ਨੂੰ ਤਕਰੀਬਨ ਹਰੇਕ ਸੰਗੀਤਕਾਰ ਨੇ ਗਵਾਇਆ ਹੈ। ਇਹਨਾਂ ਦੇ ਹੋਰ ਮਧੁਰ ਗੀਤਾਂ ਵਿਚੋਂ 'ਤੂ ਪਿਆਰ ਕਾ ਸਾਗਰ ਹੈ' (ਸੀਮਾ-1955), 'ਐ ਮੇਰੇ ਪਿਆਰੇ ਵਤਨ' (ਕਾਬੁਲੀਵਾਲਾ-1961), 'ਐ ਮੇਰੀ ਜ਼ੋਹਰਾਜਬੀ' (ਵਕਤ-1965), 'ਕਸਮੇਂ ਵਾਦੇ ਪਿਆਰ ਵਫ਼ਾ ਸਭ' (ਉਪਕਾਰ-1967), 'ਤੁਝੇ ਸੂਰਜ ਕਹੂੰ ਯਾ ਚੰਦਾ' (ਏਕ ਫੂਲ ਦੋ ਮਾਲੀ-1969), 'ਜ਼ਿੰਦਗੀ ਕੈਸੀ ਹੈ ਪਹੇਲੀ ਹਾਏ' (ਆਨੰਦ-1971) ਅਤੇ 'ਯਾਰੀ ਹੈ ਈਮਾਨ ਮੇਰਾ ਯਾਰ ਮੇਰੀ ਜ਼ਿੰਦਗੀ' (ਜ਼ੰਜੀਰ-1973) ਆਦਿ ਅੱਜ ਵੀ ਗਾਏ ਤੇ ਸੁਣੇ ਜਾਂਦੇ ਹਨ। ਅਰਧ-ਸ਼ਾਸਤਰੀ ਅਤੇ ਸੁਗਮ ਗੀਤਾਂ ਤੋਂ ਇਲਾਵਾਂ ਮੰਨਾ ਡੇ ਨੇ ਕਵਾਲੀ ਸ਼ੈਲੀ ਦੇ ਗੀਤਾਂ ਵਿਚ ਵੀ ਆਪਣੀ ਧਾਂਕ ਜਮਾਈ ਹੈ। ਕਵਾਲੀ ਗੀਤਾਂ ਵਿਚੋਂ 'ਯੇ ਇਸ਼ਕ ਇਸ਼ਕ ਹੈ ਇਸ਼ਕ ਇਸ਼ਕ' (ਬਰਸਾਤ ਕੀ ਰਾਤ-1960), 'ਕਿਸਨੇ ਚਿਲਮਨ ਸੇ ਮਾਰਾ' (ਬਾਤ ਏਕ ਰਾਤ ਕੀ-1962), 'ਫਿਰ ਤੁਮਾਰੀ ਯਾਦ ਆਈ ਰੇ ਸਨਮ' (1963) ਅਤੇ 'ਚਾਂਦ ਕਾ ਬਦਨ ਸੋਨੇ ਕੀ ਨਜ਼ਰ' (ਤਾਜ਼ ਮਹਿਲ-1963) ਆਦਿ ਬੇਹੱਦ ਮਕਬੂਲ ਹੋਏ ਹਨ। ਮੰਨਾ ਡੇ ਨੇ ਵਿਭਿੰਨ ਭਾਸ਼ਾਵਾਂ ਵਿਚ ਲਗਭਗ 3500 ਤੋਂ ਵੱਧ ਗੀਤ ਗਾਏ ਹਨ। ਮੰਨਾ ਡੇ ਨੂੰ ਮਿਲੇ ਮਾਨ-ਸਨਮਾਨ ਦੀ ਗੱਲ ਕਰੀਏ ਤਾਂ ਇਸ ਦੀ ਸੂਚੀ ਬੇਹੱਦ ਲੰਬੀ ਹੈ। ਇਹਨਾਂ ਨੂੰ 1971 'ਚ 'ਪਦਮ ਸ਼੍ਰੀ', 'ਲਤਾ ਮੰਗੇਸ਼ਕਰ ਐਵਾਰਡ' (1985), 'ਪਦਮ ਭੂਸ਼ਣ' (2005) ਅਤੇ 2007 ਵਿਚ 'ਦਾਦਾ ਸਾਹਿਬ ਫਾਲਕੇ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਭਾਵੇ ਪ੍ਰਤਿਭਾਸ਼ਾਲੀ ਮੰਨਾ ਡੇ ਅੱਜ ਸਾਡੇ ਦਰਮਿਆਨ ਨਹੀਂ ਰਹੇ ਪਰ ਇਹਨਾਂ ਵੱਲੋਂ ਗਾਏ ਸਦਾਬਹਾਰ ਗੀਤ ਹਿੰਦੀ ਫ਼ਿਲਮ ਸੰਗੀਤ ਦੀ ਬੇਸ਼ਕੀਮਤੀ ਵਿਰਾਸਤ ਬਣ ਗਏ ਹਨ। ਮੰਨਾ ਡੇ ਦੇ ਗਾਏ ਹਰ ਰੰਗ ਦੇ ਗੀਤ ਸਿਨੇ-ਸੰਗੀਤ ਦੀ ਧਰੋਹਰ ਹਨ। ਬੇਸ਼ੱਕ ਮੰਨਾ ਡੇ ਦੇ ਜਾਂਣ ਨਾਲ ਹਿੰਦੀ ਫ਼ਿਲਮ ਇੰਡਸਟਰੀ ਨੂੰ ਜੋ ਘਾਟਾ ਪਿਆ ਹੈ ਉਸ ਦੀ ਪੂਰਤੀ ਸੰਭਵ ਨਹੀਂ ਪਰ ਇਹਨਾਂ ਦੇ ਮਧੁਰ ਨਗਮੇ ਸਦਾ ਇਹਨਾਂ ਦੀ ਯਾਦ ਨੂੰ ਸਦੀਵੀ ਰੱਖਣਗੇ।

ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾਈਲ : 98881-14583

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# CONCERNS FOR ENVIRONMENT IN SRI GURU GRANTH SAHIB JI

**Dr. Jagjit Singh**

Environment is derived from the French word "Environner" which means to encircle or surround.Word "environment" is most commonly used describing "natural" environment and means the sum of all living and non-living things that surround an organism, or group of organisms.Environment can also be defined as the "sum total of all the conditions and influences that affect the development and life of organisms. Environment includes all elements, factors, and conditions that have some impact on growth and development of certain organism. Environment includes both biotic and abiotic factors that have influence on practical organism. Abiotic factors such as light, temperature, water, atmospheric gases combine with biotic factors (all surrounding living species). Environment often changes after some time and therefore many organisms have ability to adapt to these changes. However acceptance range is not the same with all species and exposure to environmental conditions at the limit of a certain organism's acceptance range represents environmental stress.Earth is the third planet of solar system.Its temperature,distance from sun,presence of water and air are the certain factors which make life possible on earth.

The variety of life on Earth, its biological variety, is commonly referred to as biodiversity. The number of species of plants, animals, and microorganisms, the enormous diversity of genes in these species, the different ecosystems on the planet, such as deserts, rainforests and coral reefs are all part of a biologically diverse Earth. Proper conservation and sustainable development strategies attempt to recognize this as being integral to any approach. In some way or form, almost all cultures have recognized the importance of nature and its biological diversity for their societies and have therefore understood the need to maintain it. Yet, power, greed and politics have affected the precarious balance.

The climate is changing. The earth is warming up, and there is now

overwhelming scientific consensus that it is happening, and human-induced. With global warming on the increase and species and their habitats on the decrease, chances for ecosystems to adapt naturally are diminishing.

Many agree that climate change may be one of the greatest pressures facing the planet. Recent years show increasing temperatures in various regions, and/or increasing extremity in weather patterns.

There is a serious worry that the earth may no longer be a sustainable biosystem. Although human beings are seen as the most gifted life form on earth, yet they are answerable for almost all the ecological damage done to the planet.To understand environment from Guru Granth Sahib's perspective, first we have to understand the philosophy of Guru Granth Sahib. Guru Granth Sahib is a religious scripture written by different divine masters, prominent saints (Bhagats) and some others spiritual poets from the Indian subcontinent. The different authors whose writings are included in the scripture lived between twelfth to the seventeenth century and belonged to different faiths and classes/strata of society. This scripture is also called Adi Granth (Adi means original & Granth means scripture) to differentiate it from another Scripture written by the tenth Sikh Guru.

**The uniqueness of Sri Guru Granth Sahib is that** this is the latest of the main religious scriptures from the Indian sub-continent and this is the only known scripture that contains the novel writings from the masters of a major faith known as Sikhism. The fifth Sikh Guru, Arjan Dev complied the first edition of Sri Guru Granth Sahib at Amritsar, the spiritual center of the sikhs. Besides the hymns that he wrote himself, he collected the hymns of the first four Sikh Gurus and a number of other saints/spiritualists with similar philosophy and thus complied the first edition of Sri Guru Granth Sahib which at that time called Adi Granth. The volume was written by Bhai Gurdas under the direction of Guru Arjan Dev. In 1706, the tenth Sikh master, GuruGobind Singh, while staying at Damdama Sahib recompiled Sri Guru Granth Sahib with the help of a close associate Bhai Mani Singh by adding hymns of the ninth Sikh Guru,Guru Teg Bahadur, the father of Guru Gobind Singh, and ordered his followers to regard the scripture as the eternal Guru. After that the scripture is called Sri Guru Granth Sahib (Guru means teacher or guide, Granth means a holy book,).Guru Granth Sahib contains compositions of six Sikh Gurus (the first five Gurus and the ninth Guru), seventeen saints/Bhagats (Kabir, Farid, Namdev, Ravidas, Beni, Trilochan, Jaidev, Sundar, Parmanand, Sadna, Ramanand, Dhanna, Pipa, Sain, Soordas, Bhikhan, Mardana); poets Balwand&Sata and eleven Bhattas or poets of the Sikh Gurus (Mathra, Jalap, Harbans, Talya, Salya, Bhal, KulhSahar, Nal, Kirat, Gayand, Sadrang). The scripture in its customary form has 1430 pages. Sri Guru Granth Sahib is a treasure of divine knowledge, mysticism and a guide to

a spiritual living for all human beings. The hymns help us with unwavering belief in God. The most unique feature of this scripture is that it contains a universal message of spiritual living for the whole human race. The Guru Granth Sahib is a sacred scripture of the world and is the Eternal Guru of the Sikhs, many world class philosophers and holy men consider it a unique treasure and a noble heritage for all humankind. Thus the Guru Granth Sahib incorporates all of the features to place it alongside the world's greatest scriptures. Besides, this is the only scripture which in spite of its interfaith nature was dictated, edited, proof-read, and signed for authenticity by the founders of the faith in their life time.

Sri Guru Granth Sahib declares that the idea of human beings is to achieve a peaceful state and to be in harmony with the earth and with all of God's creation. It seems, however, that humans have drifted away from that ideal. According to the Sikh scriptures, humans create their surroundings as anindication of their inner state. Thus, the increasing emptiness of the earth reflects a spiritual emptiness within humans.

**INTERDEPENDENCE**

Sikhism is very muchconcerned with the relationship between people and the environment. Sikhs believe that an understanding of the sacred relationship between humans and the environment is necessary for the health of our planet, and for our continued existence. In Sri Guru Granth Sahib Ji, man and material world are no more seen as external to each other, but being involved in amutually dependent relationship, reciprocally conditioning the life of each other. Guru Nanak stresses this kind of inter-dependent relationship in his first composition 'Japu Ji';

*'Pavan guru paani pita, Maatadharatmahat,*
*Divas raat do-e daaeedaa-ia, Khelaisagaljagat'.*

Means that Air is acrucial force, Water is the progenitor, the enormous Earth is the mother of all, Days and Nights are nurses, fondling all creation in their lap.

Sri Guru Granth Sahib declares that the idea of human beings is to be in harmony with all creation and that human dominion is to be rejected. The Sikh Gurus recognized human accountability towards the material world and its phenomena. So, the importance of Air, Water and Earth to life are emphasized over and over again in the Sri Guru Granth Sahib. The earth is referred to as the mother and as such requires our respect. Great care needs to be taken to make sure that no damage occurs to it while the Sikh is going about his or her daily life. The pollution of these three elements is against the principles laid down by the Gurus. The Sikh Scriptures stress the importance of the biotic components of environment in the hymn:

*Pavanpaanidharatiaakasgharmandarharbani.*

Means air, water, earth and sky are God's home and temple - holy places which need to be protected and looked after. The Sikh Gurus showed the world, the way to appreciate the interdependence of living beings and their environment and the way to nurture this interrelationship. All their constructions adhered to this principle. They built many Gurdwaras surrounded by large pools, which supported marine life, especially fish. This was clearly a sign to live in harmony with environment rather than in conflict with it. Guru HarRai, the seventh Sikh Guru developed Kiratpur Sahib as a town of parks and gardens. Located on the banks of tributary of the Sutlej, he planted flowers and fruit bearing trees all over the area. This created a healthy environment, attracting beautiful birds to the town and turning it into apleasant place to live in.

**GURU GRANTH SAHIB AND NATURE**

Nature, a major component of our environment, is a great saintly teacher because it enables the spiritual seeker to be in touch with vital Reality. God is revealed through His All-powerful artistic nature. As pointed out in Gurbani, everything seen is God in action. The Sikh scriptures are full up with examples about the interrelationship of the Creator and Nature.

*Nanak sachdaataarsinaakhatkudaratee.*

Nanak says that True One is the Giver of all; He is revealed through His All-powerful Creative Nature.

Outabhujchalatkeeaa sir karataibisamaadsabaddhekhaaidaa.

Means that The Supreme Creator created the play of Nature; throughout the Word of His Shabad, He stages His unbelievable Show.Sri Guru Granth Sahib Ji places a great deal of spiritual importance on the lessons we can learn directly from the Nature. One can learn true selflessness; real renunciation and sacrifice form it. According to Sri Guru Granth Sahib Ji; 'Earth teaches us patience and love. Air teaches us mobility, Fire teaches us warmness and courage; Sky teaches us equality and progressiveness, Water teaches us purity and cleanliness'. (Continue)

**Head, P.G. Department of Music Vocal, Khalsa College, Patiala.**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸੁਰ ਲਿਪੀ - ਰਾਗ ਕਲਿਆਨ

ਹਰਿਭਜਨ ਸਿੰਘ (ਮੋਬਾਇਲ : 93161 36268)

ਥਾਟ : ਕਲਿਆਨ, ਜਾਤੀ ਸੰਪੂਰਣ, ਸਮਾਂ : ਰਾਤ ਦਾ ਪਹਿਲਾ ਪਹਿਰ

ਵਾਦੀ : ਗ, ਸੰਵਾਦੀ : ਨ, ਆਰੋਹ : ਨ਼ ਰ ਗ, ਮ॑ ਪ, ਮ॑ ਧ ਨ ਸਂ॥

ਅਵਰੋਹ : ਸਂ ਨ ਧ ਪ, ਮ॑ ਗ, ਰ ਨ਼ ਰ ਸ॥ ਪਕੜ: ਨ਼ ਰ ਗ, ਗ ਰ ਗ ਮ॑ , ਪਰ, ਨ਼ ਰ ਸ

ਸੁਰ : ਮ॑ ਤੀਵਰ, ਬਾਕੀ ਸਾਰੇ ਸ਼ੁੱਧ॥

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਗ | - | ਗ | - | ਰ | ਗ | ਧ | ਪ | - | ਮ॑ | ਗ | ਰ | ਸ | - | ਰ | ਸਰ | ਗਰ | ਸ | - | ਸ |
| ਦੀ | s | ਨ | s | ਨ | ਕੀ | s | ਪ੍ | s | ਤਿ | ਪਾ | s | ਲ | s | ਕ | ਰੈs | ss | ਨਿ | s | ਤ |
| ਗ | ਪ | ਪ | - | ਧ | ਨ | ਧ | ਪ | - | ਮ॑ | ਗ | ਰ | ਸ | - | ਰ | ਸਰ | ਗਰ | ਸ | - | ਸ |
| ਸਂ | s | ਤ | s | ਉ | ਬਾ | s | ਰ | s | ਗ | ਨੀ | s | ਮ | s | ਨ | ਗਾs | ss | ਰੇ | s | s |
| ਗ | ਪ | ਪ | - | ਧ | ਨ | ਸਂ | ਸਂ | - | ਸਂ | ਨ | ਧ | ਪ | - | ਧ | ਨ | ਧ | ਪ | - | ਪ |
| ਪ | s | ਛ | s | ਪ | ਸ਼ੂ | s | ਨ | s | ਗ | ਨਾ | s | ਗ | s | ਨ | ਰਾ | s | ਧਿ | s | ਪ |
| ਗ | ਪ | ਪ | - | ਧ | ਨ | ਧ | ਪ | - | ਮ॑ | ਗ | ਰ | ਸ | - | ਰ | ਗ | ਰ | ਸ | - | ਸ |
| ਸ | ਰ | ਬ | s | ਸ | ਮੈ | s | ਸ | s | ਭ | ਕੋ | s | ਪ੍ | s | ਤਿ | ਪਾ | s | ਰੈ | s | s |


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

## ਤ੍ਵਪ੍ਰਸਾਦਿ ਸ੍ਵੈਯੇ - ਪਾਤਸ਼ਾਹੀ ਦਸਵੀਂ

ਦੀਨਿਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰਿ ਗਨੀਮਨ ਗਾਰੈ।
ਪਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ।
ਦੀਨ ਦਇਆਲ ਦਇਆਨਿਧਿ ਦੋਖਨ ਦੇਖਤ ਹੈ ਪਰੁ ਦੇਤ ਨ ਹਾਰੈ।

ਅਰਥ : ਤੇਰੀ ਕ੍ਰਿਪਾ ਨਾਲ। ਸ੍ਵੈਯੇ

(ਉਹ ਪ੍ਰਭੂ) ਦੀਨਾਂ-ਦੁਖੀਆਂ ਦੀ ਸਦਾ ਪ੍ਰਤਿਪਾਲਨਾ ਕਰਦਾ ਹੈ, ਸੰਤਾਂ ਨੂੰ ਉਬਾਰਦਾ ਹੈ ਅਤੇ ਅਤਿਚਾਰੀਆਂ ਦਾ ਵਿਨਾਸ਼ ਕਰਦਾ ਹੈ। ਪੰਛੀਆਂ, ਪਸ਼ੂਆਂ, ਪਹਾੜਾਂ, ਸੱਪਾਂ ਅਤੇ ਰਾਜਿਆਂ ਦੀ ਸਭ ਵੇਲੇ ਪ੍ਰਤਿਪਾਲਨਾ ਕਰਦਾ ਹੈ। (ਜੋ) ਥਲ-ਜਲ (ਵਿਚਲੇ ਜੀਵਾਂ) ਦਾ ਪਲ ਵਿਚ ਹੀ ਪਾਲਣ ਪੋਸ਼ਣ ਕਰਦਾ ਹੈ ਅਤੇ ਕਲਿ-ਕਾਲ (ਵਿਚ ਹੋਣ ਵਾਲਿਆਂ ਦਾ) ਕਰਮ ਨਹੀਂ ਵਿਚਾਰਦਾ। ਉਹ ਦੀਨ-ਦਿਆਲ, ਦਇਆ ਦਾ ਸਮੁੰਦਰ, ਦੋਖਾਂ ਨੂੰ ਦੇਖ ਕੇ ਵੀ ਦੇਣੋਂ ਸੰਕੋਚ ਨਹੀਂ ਕਰਦਾ।


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ-ਭਾਗ ਪਹਿਲਾ

ਇਸ ਅੰਕ ਵਿਚ : ਗੁਰਮਤਿ ਸੰਗੀਤ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਵਿਚ ਤਬਲਾਵਾਦਨ (ਜੋੜੀ), ਗੁਰਮਤਿ ਸੰਗੀਤ ਸ਼ਸਤਰ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸਦੇ ਪ੍ਰਕਾਰ, ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ ਲੇਖ ਸ਼ਾਮਲ ਹਨ।

ਜੇ ਤੁਹਾਨੂੰ ਇਹ ਅੰਕ ਚਾਹੀਦਾ ਹੈ ਤਾਂ ਸੰਪਰਕ ਕਰੋ ਜੀ:

ਡਾ. ਜਾਗੀਰ ਸਿੰਘ, ਸੰਪਾਦਕ 'ਅੰਮ੍ਰਿਤ ਕੀਰਤਨ',

ਮੋਬਾਇਲ : 9814053630

# ਸਭ ਬਿਧਿ ਤੁਮ ਹੀ ਜਾਨਤੇ

ੴ

**ਸਭ ਬਿਧਿ ਤੁਮ ਹੀ ਜਾਨਤੇ**

**Sabh Bidh Tum hi Janate**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

- ਸਭ ਬਿਧਿ ਤੁਮ ਹੀ ਜਾਨਤੇ
- ਤੈ ਸਾਹਿਬ ਕੀ ਮੈਂ ਸਾਰ ਨਾ ਜਾਨੀ
- ਮੇਰੇ ਸਾਹਾ ਮੈਂ ਹਰਿ ਦਰਸਨ ਸੁਖੁ ਹੋਇ
- ਮੇਰਾ ਮਨੁ ਲਾਗਾ ਹੈ ਰਾਮ ਪਿਆਰੇ

- Sabh Bidh Tum hi Janate - Tai Sahib Ki Main Sar Na jani
- Mere Saha Main Har Darsan Sukh Hoe - Mera Mann Laga Hai Ram Piare


**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com


ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਂਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ


# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**

Postal Regd. No. G/CHD /0045/2012-14 RNI Regd. No. 46788/89 ISSN 0972-2335

